Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 20*Issue 111 | Friday, June 04, 2021 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


## ਅੰਦਰ ਪੜ੍ਹੋ


ਦੇਸ਼ ਆਪਣਾ ਫਰਜ਼ ਨਿਭਾਉਣ ਵਿੱਚ ਅਸਫਲ ਰਿਹਾ : ਟਰੂਡੋ


ਪੰਨਾ 03

ਸੰਯੁਕਤ ਕਿਸਾਨ ਮੋਰਚੇ ਵੱਲੋਂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਇੱਕ ਹਫ਼ਤੇ ਲਈ ਸਸਪੈਂਡ


ਪੰਨਾ 05


# ਟਰੁੱਥ ਐਂਡ ਰੀਕੌਂਸੀਲਿਏਸ਼ਨ ਲਈ ਨੈਸ਼ਨਲ ਡੇਅ ਕਾਇਮ ਕਰਨ ਵਾਸਤੇ ਸੈਨੇਟ ਵਿਚ ਸਰਬਸੰਮਤੀ ਨਾਲ ਬਿੱਲ ਪਾਸ

ਓਟਵਾ, 3 ਜੂਨ (ਪੋਸਟ ਬਿਊਰੋ) : ਵੀਰਵਾਰ ਨੂੰ ਸੈਨੇਟ ਵੱਲੋਂ ਸਰਬਸੰਮਤੀ ਨਾਲ ਕੈਨੇਡਾ ਵਿੱਚ ਰੈਜ਼ੀਡੈਂਸ਼ੀਅਲ ਸਕੂਲਜ਼ ਦੇ ਤ੍ਰਾਸਦਿਕ ਇਤਿਹਾਸ ਦੀ ਯਾਦ ਨੂੰ ਸਾਂਝਾ ਕਰਨ ਲਈ ਸੰਵਿਧਾਨਿਕ ਛੁੱਟੀ ਵਾਸਤੇ ਬਿੱਲ ਪਾਸ ਕੀਤਾ ਗਿਆ ਹੈ।

ਬਿੱਲ ਸੀ-5 ਨੂੰ ਵੀਰਵਾਰ ਨੂੰ ਸ਼ਾਹੀ ਮਨਜ਼ੂਰੀ ਮਿਲਣ ਦੀ ਆਸ ਸੀ। ਇਸ ਵਾਸਤੇ 30 ਸਤੰਬਰ ਨੂੰ ਟਰੁੱਥ ਐਂਡ ਰੀਕੌਂਸੀਲਿਏਸ਼ਨ ਲਈ ਪਹਿਲਾ ਨੈਸ਼ਨਲ ਡੇਅ ਮਨਾਏ ਜਾਣ ਦਾ ਪ੍ਰਬੰਧ ਕੀਤਾ ਗਿਆ ਹੈ। ਪਿਛਲੇ ਹਫਤੇ ਕੈਮਲੂਪਜ਼, ਬੀਸੀ ਦੇ ਸਾਬਕਾ ਰੈਜ਼ੀਡੈਂਸ਼ੀਅਲ ਸਕੂਲ ਵਿੱਚੋਂ ਮਿਲੀ ਸਾਂਝੀ ਕਬਰ ਵਿੱਚੋਂ 215 ਮੂਲਵਾਸੀ ਬੱਚਿਆਂ ਦੇ ਮਿਲੇ ਪਿੰਜਰਾਂ ਤੋਂ ਬਾਅਦ



ਇਸ ਬਿੱਲ ਨੂੰ ਪਾਰਲੀਆਮੈਂਟ ਦੇ ਦੋਵਾਂ ਸਦਨਾਂ ਵਿੱਚ ਤੇਜ਼ੀ ਨਾਲ ਪਾਸ ਕੀਤਾ ਗਿਆ।

ਇਸ ਬਿੱਲ ਦੇ ਪਾਸ ਹੋਣ ਨਾਲ ਫੈਡਰਲ ਸਰਕਾਰ ਤੇ ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਕੰਮ ਵਾਲੀਆਂ ਥਾਂਵਾਂ ਉੱਤੇ ਕੰਮ ਕਰਨ ਵਾਲੇ ਇੰਪਲੌਈਜ਼ ਲਈ ਇੱਕ ਖਾਸ ਦਿਨ ਸੰਵਿਧਾਨਿਕ ਛੁੱਟੀ ਹੋਇਆ ਕਰੇਗੀ। ਕੈਨੇਡਾ ਦੇ ਹੈਰੀਟੇਜ ਮੰਤਰੀ ਸਟੀਵਨ ਗਿਲਬੈਲਟ ਨੇ ਵੀਰਵਾਰ ਨੂੰ ਸੈਨੇਟ ਵਿੱਚ ਦੱਸਿਆ ਕਿ ਇਸ ਦਾ ਮੰਤਵ ਕੈਨੇਡੀਅਨਾਂ ਨੂੰ ਦੇਸ਼ ਦੇ ਇਤਿਹਾਸ ਦੇ ਕਾਲੇ ਅਧਿਆਏ ਤੋਂ ਜਾਣੂ ਕਰਵਾਉਣਾ ਹੋਵੇਗਾ।

ਇਸ ਦੇ ਨਾਲ ਹੀ ਇਸ ਦਿਨ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਸਰਵਾਈਵਰਜ਼, ਉਨ੍ਹਾਂ ਦੇ ਪਰਿਵਾਰਾਂ ਤੇ ਉਨ੍ਹਾਂ ਦੀਆਂ ਕਮਿਊਨਿਟੀਜ਼ ਦੇ ਨਾਲ ਨਾਲ ਜਿਹੜੇ ਨਹੀਂ ਰਹੇ ਉਨ੍ਹਾਂ ਨੂੰ ਯਾਦ ਕਰਨ ਦਾ ਦਿਨ ਹੋਵੇਗਾ। ਇਸ ਦੀ ਮੰਗ ਟਰੁੱਥ ਐਂਡ ਰੀਕੌਂਸੀਲਿਏਸ਼ਨ ਕਮਿਸ਼ਨ ਤੇ ਮੂਲਵਾਸੀ ਆਗੂਆਂ ਵੱਲੋਂ ਵੀ ਕੀਤੀ ਗਈ ਸੀ।

# ਸੁਖਪਾਲ ਸਿੰਘ ਖਹਿਰਾ ਸਮੇਤ ਆਪ ਪਾਰਟੀ ਦੇ ਤਿੰਨ ਬਾਗੀ ਵਿਧਾਇਕ ਕਾਂਗਰਸ ਵਿਚ ਸ਼ਾਮਿਲ

*** ਕੈਪਟਨ ਅਮਰਿੰਦਰ ਵੱਲੋਂ ਖਹਿਰਾ, ਧੌਲਾ, ਕਮਾਲੂ ਦਾ ਸਵਾਗਤ**



ਚੰਡੀਗੜ੍ਹ, 3 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਵਿਚਲੇ ਅੰਦਰੂਨੀ ਝਗੜੇ ਦੇ ਨਿਪਟਾਰੇ ਲਈ ਅੱਜਦਿੱਲੀ ਰਵਾਨਾ ਹੋਣ ਤੋਂ ਪਹਿਲਾਂ ਪੰਜਾਬ ਵਿਧਾਨ ਸਭਾਂ ਵਿੱਚ ਵਿਰੋਧੀ ਧਿਰ ਦੇ ਸਾਬਕਾ ਨੇਤਾ ਅਤੇ ਆਮ ਆਦਮੀ ਪਾਰਟੀ ਵੱਲੋਂ ਜਿੱਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਉਸੇ ਵਾਂਗ ਆਮ ਆਦਮੀ ਪਾਰਟੀ ਵੱਲੋਂ ਜਿੱਤੇ ਦੋ ਹੋਰ ਵਿਧਾਇਕਾਂ ਜਗਦੇਵ ਸਿੰਘ ਕਮਾਲੂ (ਹਲਕਾ ਮੌੜ) ਤੇ ਪਿਰਮਲ ਸਿੰਘ ਧੌਲਾ (ਹਲਕਾ ਭਦੌੜ) ਨੂੰ ਕਾਂਗਰਸ ਵਿੱਚ ਸ਼ਾਮਲ ਕਰ ਲਿਆ। ਉਨ੍ਹਾਂ ਨੇਦੱਸਿਆ ਕਿ ਇਨ੍ਹਾਂ ਤਿੰਨ ਨੇਤਾਵਾਂ ਨੂੰ ਕਾਂਗਰਸ ਵਿੱਚ ਸ਼ਾਮਲ ਕਰਨ ਲਈ ਕਾਂਗਰਸ ਦੀ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ ਨੇ ਪ੍ਰਵਾਨਗੀ ਦੇ ਦਿੱਤੀ ਸੀ।

...ਬਾਕੀ ਪੰਨਾ 6 'ਤੇ


Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6


# ਫਰਸਟ ਨੇਸ਼ਨਜ਼ ਦੇ ਬੱਚਿਆਂ ਖਿਲਾਫ ਜਾਰੀ ਕਾਨੂੰਨੀ ਜੰਗ ਖ਼ਤਮ ਕਰੇ ਫੈਡਰਲ ਸਰਕਾਰ : ਜਗਮੀਤ ਸਿੰਘ

ਓਟਵਾ, 3 ਜੂਨ (ਪੋਸਟ ਬਿਊਰੋ) : ਐਨਡੀਪੀ ਵੱਲੋਂ ਫੈਡਰਲ ਸਰਕਾਰ ਤੋਂ ਨਵੇਂ ਸਿਰੇ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਉਹ ਮੂਲਵਾਸੀ ਲੋਕਾਂ ਨਾਲ ਸੁਲ੍ਹਾ ਵਾਸਤੇ ਠੋਸ ਕਦਮ ਚੁੱਕਣ।



ਅੱਜ ਹਾਊਸ ਆਫ ਕਾਮਨਜ਼ ਵਿੱਚ ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਇੱਕ ਮਤਾ ਲਿਆਂਦਾ ਜਾ ਰਿਹਾ ਹੈ ਜਿਸ ਵਿੱਚ ਫੈਡਰਲ ਸਰਕਾਰ ਤੋਂ ਇਹ ਮੰਗ ਕੀਤੀ ਗਈ ਹੈ ਕਿ ਉਹ ਫੈਡਰਲ ਕੋਰਟ ਨੂੰ ਕੀਤੀਆਂ ਦੋ ਕੁ ਅਪੀਲਾਂ ਵਾਪਿਸ ਲੈ ਲੈਣ ...ਬਾਕੀ ਪੰਨਾ 4 'ਤੇ

# ਐਸਟ੍ਰਾਜ਼ੈਨੇਕਾ ਦੀ ਪਹਿਲੀ ਡੋਜ਼ ਲੈਣ ਵਾਲੇ ਹੁਣ ਲੈ ਸਕਣਗੇ ਹੋਰ ਵੈਕਸੀਨ ਦੀ ਦੂਜੀ ਡੋਜ਼

ਓਨਟਾਰੀਓ, 3 ਜੂਨ (ਪੋਸਟ ਬਿਊਰੋ) : ਐਸਟ੍ਰਾਜ਼ੈਨੇਕਾ ਵੈਕਸੀਨ ਦੀ ਪਹਿਲੀ ਡੋਜ਼ ਲੈਣ ਵਾਲਿਆਂ ਲਈ ਦੂਜੀ ਡੋਜ਼ ਕਿਸੇ ਹੋਰ ਵੈਕਸੀਨ ਦੀ ਲਵਾਉਣ ਲਈ ਓਨਟਾਰੀਓ ਵੱਲੋਂ ਆਪਣੀਆਂ ਗਾਈਡਲਾਈਨਜ਼ ਅਪਡੇਟ ਕੀਤੀਆਂ ਗਈਆਂ ਹਨ।

ਐਸਟ੍ਰਾਜ਼ੈਨੇਕਾ ਦਾ ਪਹਿਲਾ ਸ਼ੌਟ ਲੈਣ ਵਾਲਿਆਂ ਨੂੰ ਹੁਣ ਸ਼ੁੱਕਰਵਾਰ ਤੋਂ ਇਹ ਛੋਟ ਹੋਵੇਗੀ ਕਿ ਉਹ ਇਹ ਚੋਣ ਕਰ ਸਕਣ ਕਿ ਉਨ੍ਹਾਂ ਨੇ ਦੂਜੀ ਡੋਜ਼ ਉਸੇ ਵੈਕਸੀਨ ਦੀ ਲੈਣੀ ਹੈ ਜਾਂ ਫਿਰ ਐਮਆਰਐਨਏ ਦਾ ਸ਼ੌਟ ਲਵਾਉਣਾ ਹੈ। ਦੋਵੇਂ ਸੈਕਿੰਡ ਡੋਜ਼ਾਂ ਵਿੱਚ 12 ਹਫਤਿਆਂ ਦੇ ਅੰਤਰਾਲ ਦੀ ਸਿਫਾਰਿਸ਼ ਕੀਤੀ ਗਈ ਹੈ। ਇਸ ਲਈ ਜਿਨ੍ਹਾਂ ਨੇ 12 ਹਫਤੇ ਪਹਿਲਾਂ ਪਹਿਲਾ ਸ਼ੌਟ ਲਿਆ



ਹੋਵੇਗਾ ਉਹੀ ਅਜੇ ਦੂਜਾ ਸ਼ੌਟ ਲਵਾਉਣ ਲਈ ਯੋਗ ਹੋਵੇਗਾ।

ਜਿਹੜੇ ਲੋਕ ਐਸਟ੍ਰਾਜ਼ੈਨੇਕਾ ਦੀ ਦੂਜੀ ਡੋਜ਼ ਲਵਾਉਣੀ ਚਾਹੁੰਦੇ ਹਨ ਉਹ ਅਪੁਆਇੰਟਮੈਂਟ ਬੁੱਕ ਕਰਨ ਲਈ ਫਾਰਮੇਸੀ ਜਾਂ ਉਸ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਨਾਲ ਸੰਪਰਕ ਕਰ ਸਕਦੇ ਹਨ ਜਿੱਥੇ ਉਨ੍ਹਾਂ ਨੇ ਪਹਿਲਾਂ ਟੀਕਾ ਲਵਾਇਆ ਸੀ। ਜੇ ਉਹ ਐਮਆਰਐਨਏ ਵੈਕਸੀਨ ਦੀ ਦੂਜੀ ਡੋਜ਼ ਲੈਣੀ ਚਾਹੁੰਦੇ ਹਨ ਤਾਂ ਉਹ ਅਜਿਹੀ ਫਾਰਮੇਸੀ ਨਾਲ ਸੰਪਰਕ ਕਰ ਸਕਦੇ ਹਨ ਜਿੱਥੇ ਫਾਈਜ਼ਰ ਜਾਂ ਮੌਡਰਨਾ ਦਾ ਟੀਕਾ ਲਾਇਆ ਜਾਂਦਾ ਹੋਵੇ।

ਐਨ ਏ ਸੀ ਆਈ ਦਾ ਇਹ ਵੀ ਕਹਿਣਾ ਹੈ ਕਿ ਫਾਈਜ਼ਰ ਤੇ ਮੌਡਰਨਾ ਦੀ ਪਹਿਲੀ ਡੋਜ਼ ਲੈਣ ਵਾਲਿਆਂ ਨੂੰ ਉਸੇ ਕੰਪਨੀ ਦੀ ਦੂਜੀ ਡੋਜ਼ ਦੇਣ ਦਾ ਪ੍ਰਬੰਧ ਹੈ। ਪਰ ਜੇ ਸਪਲਾਈ ਵਿੱਚ ਕੋਈ ਦਿੱਕਤ ਆਉਂਦੀ ਹੈ ਤਾਂ ਹੈਲਥ ਕਮੇਟੀ ਦਾ ਕਹਿਣਾ ਹੈ ਕਿ ਜਿਨ੍ਹਾਂ ਨੇ ਪਹਿਲਾਂ ਫਾਈਜ਼ਰ ਦੀ ਡੋਜ਼ ਲਈ ਹੋਵੇ ਉਹ ਦੂਜੀ ਡੋਜ਼ ਮੌਡਰਨਾ ਦੀ ਲੈ ਸਕਦੇ ਹਨ ਤੇ ਇਸੇ ਤਰ੍ਹਾਂ ਮੌਡਰਨਾ ਦੀ ਪਹਿਲੀ ਡੋਜ਼ ਲੈਣ ਵਾਲੇ ਦੂਜੀ ਡੋਜ਼ ਫਾਈਜ਼ਰ ਦੀ ਲੈ ਸਕਦੇ ਹਨ।


NOW HIRING !!!
ALLKIND INSURANCE
• Life Insurance
• Critical illness Ins
• Travel & Visitor Ins
• RESP & TFSA & RRSP
• Super Visa Insurance
• Mortgage Insurance
• Disability Insurance
• Funeral Insurance
SIMRAN SAINI
416.994.7272
www.allkindinsurance.com


# ਸ਼ੱਕੀ ਹਾਲਾਤ ਵਿੱਚ ਮ੍ਰਿਤਕ ਪਾਈ ਗਈ ਪੰਜਾਬੀ ਮੂਲ ਦੀ ਮਹਿਲਾ ਦੇ ਪਤੀ ਨੂੰ ਕੀਤਾ ਗਿਆ ਗ੍ਰਿਫਤਾਰ

ਬਰੈਂਪਟਨ, 3 ਜੂਨ (ਪੋਸਟ ਬਿਊਰੋ) : ਬਰੈਂਪਟਨ ਵਿੱਚ ਇੱਕ ਮਹਿਲਾ ਦੇ ਸ਼ੱਕੀ ਹਾਲਾਤ ਵਿੱਚ ਮ੍ਰਿਤਕ ਪਾਏ ਜਾਣ ਤੋਂ ਬਾਅਦ ਪੀਲ ਰੀਜਨਲ ਪੁਲਿਸ ਨੇ ਇੱਕ 64 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਿ ਕਥਿਤ ਤੌਰ ਉੱਤੇ ਮਾਰੀ ਗਈ ਮਹਿਲਾ ਦਾ ਪਤੀ ਹੈ। ਬੁੱਧਵਾਰ ਨੂੰ ਰਾਤੀਂ 9:00 ਵਜੇ ਡਿਕਸੀ ਰੋਡ ਤੇ ਕੰਟਰੀ ਡਰਾਈਵ ਨੇੜੇ ਟੈਂਪਲਹਿੱਲ ਰੋਡ ਤੇ ਰੌਸ ਡਰਾਈਵ ਏਰੀਆ ਵਿੱਚ ਇੱਕ ਮਹਿਲਾ ਦੇ ਮ੍ਰਿਤਕ ਪਾਏ ਜਾਣ ਤੋਂ ਬਾਅਦ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਨੂੰ ਮਹਿਲਾ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲੀ, ਉਸ ਨੂੰ ਬਚਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਪਰ ਬਾਅਦ ਵਿੱਚ ਉਸ ਨੂੰ ਮ੍ਰਿਤਕ



ਕਰਾਰ ਦੇ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਚਸ਼ਮਦੀਦ ਨੇ ਇੱਕ ਪੁਰਸ਼ ਤੇ ਮਹਿਲਾ ਨੂੰ ਸੜਕ ਉੱਤੇ ਬਹਿਸ ਕਰਦਿਆਂ ਤੁਰੇ ਜਾਂਦਿਆਂ ਵੇਖਿਆ ਸੀ। ਕੁੱਝ ਸਮੇਂ ਬਾਅਦ ਉਹੀ ਚਸ਼ਮਦੀਦ ਜਦੋਂ ਉੱਥੋਂ ਲੰਘਿਆ ਤਾਂ ਮਹਿਲਾ ਜ਼ਮੀਨ ਉੱਤੇ ਪਈ ਸੀ, ਫਿਰ ਉਸ ਚਸ਼ਮਦੀਦ ਨੇ ਹੀ ਪੁਲਿਸ ਨੂੰ ਫੋਨ ਕਰਕੇ ਸੱਦਿਆ।

ਵੀਰਵਾਰ ਨੂੰ ਪੁਲਿਸ ਨੇ 64 ਸਾਲਾ ਮਹਿਲਾ ਦੀ ਪਛਾਣ ਬਰੈਂਪਟਨ ਦੀ ਹੀ ਦਲਬੀਰ ਰੰਧਾਵਾ ਵਜੋਂ ਕੀਤੀ। ਮ੍ਰਿਤਕਾ ਦੇ 64 ਸਾਲ ਪਤੀ ਜਰਨੈਲ ਰੰਧਾਵਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਉੱਤੇ ਸੈਕਿੰਡ ਡਿਗਰੀ ਮਰਡਰ ਦਾ ਚਾਰਜ ਲਾਇਆ ਜਾਵੇਗਾ। ਕਾਂਸਟੇਬਲ ਡੈਨੀ ਮਾਰਟਿਨੀ ਨੇ ਆਖਿਆ ਕਿ ਇਸ ਤਰ੍ਹਾਂ ਦੇ ਬੇਹੱਦ ਸੰਵੇਦਨਸ਼ੀਲ ਹਾਲਾਤ ਨਾਲ ਸਾਨੂੰ ਨਜਿੱਠਣਾ ਪੈਂਦਾ ਹੈ। ਉਸ ਨੂੰ ਵੀਰਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।


NOW HIRING
HIRING GRASS CUTTING AND CONSTRUCTION GENERAL LABOUR. FULL TIME WORK. PICK UP AND DROP OFF AVAILABLE. MUST BE PHYSICALLY FIT AND ABLE TO LIFT 50LBS.
CALL AMIT 647-784-1213


# ਹੋਟਲ ਕੁਆਰਨਟੀਨ ਤੋਂ ਇਨਕਾਰ ਕਰਨ ਵਾਲੇ ਟਰੈਵਲਰਜ਼ ਉੱਤੇ ਲਾਇਆ ਜਾਵੇਗਾ ਭਾਰੀ ਜੁਰਮਾਨਾ

ਟੋਰਾਂਟੋ, 3 ਜੂਨ (ਪੋਸਟ ਬਿਊਰੋ) : ਕੈਨੇਡਾ ਆਉਣ ਵਾਲੇ ਇੰਟਰਨੈਸ਼ਨਲ ਟਰੈਵਲਰਜ਼ ਲਈ ਐਡਵਾਈਜ਼ਰੀ ਪੈਨਲ ਵੱਲੋਂ ਲਾਜ਼ਮੀ ਕੁਆਰਨਟੀਨ ਹੋਟਲ ਪ੍ਰੋਗਰਾਮ ਨੂੰ ਖ਼ਤਮ ਕਰਨ ਦੀ ਕੀਤੀ ਗਈ ਸਿਫਾਰਿਸ਼ ਮੰਨਣ ਦੀ ਥਾਂ ਫੈਡਰਲ ਸਰਕਾਰ ਉਨ੍ਹਾਂ ਲੋਕਾਂ ਉੱਤੇ ਵੱਧ ਜੁਰਮਾਨੇ ਲਾਉਣ ਦੀ ਤਿਆਰੀ ਕਰ ਰਹੀ ਹੈ ਜਿਨ੍ਹਾਂ ਨੇ ਇਸ ਪ੍ਰੋਗਰਾਮ ਤੋਂ ਬਚਣ ਦੀ ਕੋਸ਼ਿਸ਼ ਕੀਤੀ।

ਸਰਕਾਰ ਦਾ ਕਹਿਣਾ ਹੈ ਕਿ



ਕੁਆਰਨਟੀਨ ਐਕਟ ਦੀ ਉਲੰਘਣਾ ਕਰਨ ਵਾਲਿਆਂ ਲਈ ਪੁਲਿਸ ਵੱਲੋਂ ਸ਼ੁੱਕਰਵਾਰ ਤੋਂ ਜੁਰਮਾਨਾ 5000 ਡਾਲਰ ਕਰ ਦਿੱਤਾ ਜਾਵੇਗਾ। ਇਸ ਸਮੇਂ ਇਹ ਜੁਰਮਾਨਾ 3000 ਡਾਲਰ ਹੈ। ...ਬਾਕੀ ਪੰਨਾ 5 'ਤੇ

# ਕੋਵਿਡ-19 ਵੈਕਸੀਨ ਭਾਈਵਾਲ ਦੇਸ਼ਾਂ ਨਾਲ ਸਾਂਝੀ ਕਰੇਗਾ ਅਮਰੀਕਾ : ਬਾਇਡਨ



ਵਾਸ਼ਿੰਗਟਨ, 3 ਜੂਨ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਅਮਰੀਕਾ ਆਪਣੀ ਅਣਵਰਤੀ 75 ਫੀ ਸਦੀ ਕੋਵਿਡ-19 ਵੈਕਸੀਨ ਸੰਯੁਕਤ ਰਾਸ਼ਟਰ ਦੇ ਕੋਵੈਕਸ ਗਲੋਬਲ ਵੈਕਸੀਨ ਸ਼ੇਅਰਿੰਗ ਪ੍ਰੋਗਰਾਮ ਨੂੰ ਡੋਨੇਟ ਕਰੇਗਾ।

...ਬਾਕੀ ਪੰਨਾ 3 'ਤੇ


INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
AvonFinancial Advice you can bank on. Inc. Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636




2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca



ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936


ਰੈਜ਼ੀਡੈਂਸ਼ੀਅਲ ਸਕੂਲ ਦੀ ਸਾਈਟ ਤੋਂ ਮਿਲੀਆਂ ਬੱਚਿਆਂ ਦੀਆਂ ਅਸਥੀਆਂ ਦਾ ਮਾਮਲਾ

# ਅਗਲੀ ਕਾਰਵਾਈ ਲਈ ਕੈਬਨਿਟ ਕਰ ਰਹੀ ਹੈ ਵਿਚਾਰ ਵਟਾਂਦਰਾ : ਟਰੂਡੋ

ਓਟਵਾ, 3 ਜੂਨ (ਪੋਸਟ ਬਿਊਰੋ) : ਫੈਡਰਲ ਬਿਲਡਿੰਗਜ਼ ਉੱਤੇ ਝੰਡਿਆਂ ਨੂੰ ਝੁਕਾਉਣ ਤੋਂ ਲੈ ਕੇ ਰੈਜ਼ੀਡੈਂਸ਼ੀਅਲ ਸਕੂਲ ਦੀਆਂ ਦਫਨ ਕਰਨ ਵਾਲੀਆਂ ਸਾਈਟਸ ਦੀ ਖੁਦਾਈ ਤੇ ਖੋਜ ਨੂੰ ਫੰਡ ਕਰਨ ਦੀਆਂ ਕੈਨੇਡਾ ਭਰ ਵਿੱਚ ਉੱਠ ਰਹੀਆਂ ਆਵਾਜ਼ਾਂ ਦਰਮਿਆਨ ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲ ਇਸ ਸਬੰਧੀ ਐਲਾਨ ਲਈ ਕੁੱਝ ਵੀ ਠੋਸ ਨਹੀਂ ਸੀ। ਪਰ ਉਨ੍ਹਾਂ ਆਖਿਆ ਕਿ ਬ੍ਰਿਟਿਸ਼ ਕੋਲੰਬੀਆ ਵਿੱਚ 215 ਬੱਚਿਆਂ ਦੀਆਂ ਮਿਲੀਆਂ ਅਸਥੀਆਂ ਤੋਂ ਬਾਅਦ ਗੱਲਬਾਤ ਜਾਰੀ ਹੈ।



ਟਰੂਡੋ ਨੇ ਆਖਿਆ ਕਿ ਕੈਮਲੂਪਜ਼, ਬ੍ਰਿਟਿਸ਼ ਕੋਲੰਬੀਆ ਵਿੱਚ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਦੀ ਸਾਈਟ ਤੋਂ 215 ਬੱਚਿਆਂ ਦੀਆਂ ਅਸਥੀਆਂ ਮਿਲਣ ਤੋਂ ਬਾਅਦ ਫੈਡਰਲ ਸਰਕਾਰ ਨੂੰ ਕੀ ਕਦਮ ਚੁੱਕਣਾ ਚਾਹੀਦਾ ਹੈ ਇਸ ਬਾਰੇ ਉਹ ਕੈਬਨਿਟ ਨਾਲ ਵਿਚਾਰ ਵਟਾਂਦਰਾ ਕਰਨਗੇ। ਉਨ੍ਹਾਂ ਆਖਿਆ ਕਿ ਇੰਡੀਜੀਨਸ ਸਰਵਿਸਿਜ਼ ਮੰਤਰੀ ਮਾਰਕ ਮਿਲਰ, ਕ੍ਰਾਊਨ ਇੰਡੀਜੀਨਸ ਰਿਲੇਸ਼ਨਜ਼ ਮੰਤਰੀ ਕੈਰੋਲਿਨ ਬੈਨੇਟ ਤੇ ਨੌਰਦਰਨ ਅਫੇਅਰਜ਼ ਮੰਤਰੀ ਡੈਨ ਵੈਂਡਲ ਇਹ ਵਿਚਾਰ ਵਟਾਂਦਰਾ ਕਰਨਗੇ ਕਿ ਜਦੋਂ ਸੁਲ੍ਹਾ ਦੀ ਗੱਲ ਆਉਂਦੀ ਹੈ ਤਾਂ ਫੈਡਰਲ ਸਰਕਾਰ ਨੂੰ ਕੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਟਰੂਡੋ ਨੇ ਇਹ ਵੀ ਆਖਿਆ ਕਿ ਇਸ ਦੇਸ਼ ਵਿੱਚ ਕਿੱਥੇ ਤੇ ਕਿੰਨੇ ਹੋਰ ਮੂਲਵਾਸੀ ਬੱਚਿਆਂ ਦੀਆਂ ਅਸਥੀਆਂ ਦਫਨ ਹੋ ਸਕਦੀਆਂ ਹਨ ਇਸ ਦਾ ਪਤਾ ਲਾਉਣਾ ਹਕੀਕਤ ਨੂੰ ਸਾਹਮਣੇ ਲਿਆਉਣ ਲਈ ਬਹੁਤ ਜ਼ਰੂਰੀ ਹੈ। ਸਰਕਾਰ ਵੱਲੋਂ ਇਸ ਸਬੰਧ ਵਿੱਚ ਜਲਦ ਹੀ ਕੁੱਝ ਕੀਤਾ ਜਾਵੇਗਾ ਪਰ ਉਨ੍ਹਾਂ ਕੋਈ ਠੋਸ ਵਚਨਬੱਧਤਾ ਨਹੀਂ ਪ੍ਰਗਟਾਈ। ਟਰੂਡੋ ਨੇ ਆਖਿਆ ਕਿ ਇਸ ਤਰ੍ਹਾਂ ਦੀ ਦਿਲ ਦਹਿਲਾ ਦੇਣ ਵਾਲੀ ਖੋਜ ਮੌਕੇ ਇੰਡੀਜੀਨਸ ਕਮਿਊਨਿਟੀਜ਼ ਦੇ ਦੁੱਖ ਵਿੱਚ ਅਸੀਂ ਵੀ ਸ਼ਾਮਲ ਹਾਂ ਤੇ ਮਦਦ ਲਈ ਅਸੀਂ ਉਨ੍ਹਾਂ ਦੇ ਨਾਲ ਹਾਂ।

# ਦੇਸ਼ ਆਪਣਾ ਫਰਜ਼ ਨਿਭਾਉਣ ਵਿੱਚ ਅਸਫਲ ਰਿਹਾ : ਟਰੂਡੋ

ਓਟਵਾ, 3 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੈਮਲੂਪਸ, ਬ੍ਰਿਟਿਸ਼ ਕੋਲੰਬੀਆ ਵਿੱਚ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਵਿੱਚ ਇੱਕ ਸਾਂਝੀ ਕਬਰ ਤੋਂ 215 ਮੂਲਵਾਸੀ ਬੱਚਿਆਂ ਦੇ ਪਿੰਜਰ ਮਿਲਣਾ ਕੈਨੇਡਾ ਦੀ ਗਲਤੀ ਹੈ।

ਉਨ੍ਹਾਂ ਆਖਿਆ ਕਿ ਕੈਨੇਡੀਅਨਜ਼ ਆਪਣੀਆਂ ਅੱਖਾਂ ਬੰਦ ਕਰਕੇ ਇਹ ਨਹੀਂ ਆਖ ਸਕਦੇ ਕਿ ਇਹ ਸੱਭ ਨਹੀ ਹੋਇਆ। ਕੈਨੇਡੀਅਨਜ਼ ਨੂੰ ਇਹ ਸਵੀਕਾਰ ਕਰਨਾ ਹੋਵੇਗਾ ਕਿ ਦੇਸ਼ ਇਨ੍ਹਾਂ ਬੱਚਿਆਂ, ਉਨ੍ਹਾਂ ਦੇ ਪਰਿਵਾਰਾਂ ਤੇ ਉਨ੍ਹਾਂ ਦੀਆਂ ਕਮਿਊਨਿਟੀਜ਼ ਪ੍ਰਤੀ ਆਪਣਾ ਫਰਜ਼ ਨਿਭਾਉਣ ਵਿੱਚ ਅਸਫਲ ਰਿਹਾ। ਕੈਨੇਡੀਅਨਜ਼ ਨੂੰ ਇਹ ਵੀ ਮੰਨਣਾ ਹੋਵੇਗਾ ਕਿ ਪਿਛਲੇ ਹਫਤੇ ਕੈਮਲੂਪਸ ਵਿੱਚ ਅਜਿਹੇ ਮੂਲਵਾਸੀ ਬੱਚਿਆਂ ਦੇ ਪਿੰਜਰ ਮਿਲੇ ਹਨ ਜਿਹੜੇ ਬਿਨਾਂ ਕੋਈ ਨਿਸ਼ਾਨ ਛੱਡਿਆਂ ਲਾਪਤਾ ਹੋ ਗਏ। ਇਹ ਬਹੁਤ ਵੱਡੀ ਤ੍ਰਾਸਦੀ ਦਾ ਸਾਹਮਣੇ ਆਇਆ ਨਿੱਕਾ ਜਿਹਾ ਹਿੱਸਾ ਹੈ।



ਇਸ ਤ੍ਰਾਸਦੀ ਬਾਰੇ ਹਾਊਸ ਆਫ ਕਾਮਨਜ਼ ਵਿੱਚ ਹੋਈ ਵਿਸ਼ੇਸ਼ ਬਹਿਸ ਵਿੱਚ ਟਰੂਡੋ ਨੇ ਉਕਤ ਟਿੱਪਣੀ ਕੀਤੀ। ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਆਖਿਆ ਕਿ ਇਹ ਲੱਭਤ ਕੈਨੇਡਾ ਦੇ ਇਤਿਹਾਸ ਦੇ ਕਾਲੇ ਅਧਿਆਏ ਦੀ ਯਾਦ ਦਿਵਾਉਂਦੀ ਹੈ। ਉਨ੍ਹਾਂ ਟਰੁੱਥ ਐਂਡ ਰੀਕੌਂਸੀਲਿਏਸ਼ਨ ਕਮਿਸ਼ਨ ਦੀਆਂ ਛੇ ਸਿਫਾਰਸ਼ਾਂ ਨੂੰ ਫੌਰੀ ਤੌਰ ਉੱਤੇ ਲਾਗੂ ਕਰਨ ਲਈ ਸਾਰੀਆਂ ਪਾਰਟੀਆਂ ਨੂੰ ਸਹਿਯੋਗ ਕਰਨ ਵਾਸਤੇ ਆਖਿਆ। ਐਨ ਡੀ ਪੀ ਆਗੂ ਜਗਮੀਤ ਸਿੰਘ ਤੇ ਹੋਰ ਨਿਊ ਡੈਮੋਕ੍ਰੈਟਸ ਨੇ ਸਰਕਾਰ ਤੋਂ ਮੰਗ ਕੀਤੀ ਕਿ ਉਹ ਇਹ ਸਵੀਕਾਰੇ ਕਿ ਰੈਜ਼ੀਡੈਂਸ਼ੀਅਲ ਸਕੂਲ ਪਾਲਿਸੀ ਨਸਲਕੁਸ਼ੀ ਤੋਂ ਘੱਟ ਨਹੀਂ ਸੀ।


Century 21


President Realty Inc
Brokerage*
Independently Owned and Operated.



ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ

Jagdish Grewal
Sales Representative

Call Now: (416)-970-5005


Brampton
$799,900
Sandalwood & Kennedy

ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!


Brampton
$849,900
Bramalea & Peter Robertson

3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਊਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.


Brampton
$699,900
Bovaird & Royal Orchard

3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ


Brampton
$799,999
Bovaird & Bramlea Rd

3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਉਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ


Brampton
$1,199,000
Bovaird & Worthington

4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ


Brampton
$1,179,000
Pertosa & WillamsParkway

4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ


Brampton
$1,299,000
Gore & Cotrelle

3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ


Brampton
$999,800
Bovaird & Hwy 410

4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ

(416) 970-5005 www.vipcondonetwork.com

80 Maritime Ontario Blvd #246 Brampton, ON L6S 0E7 Call: 905-488-2100 Fax : 905-488-2101


# ਕੋਵਿਡ-19 ਵੈਕਸੀਨ ਭਾਈਵਾਲ ਦੇਸ਼ਾਂ ਨਾਲ ਸਾਂਝੀ ਕਰੇਗਾ ਅਮਰੀਕਾ : ਬਾਇਡਨ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਬਹੁਤੀ ਹੱਦ ਤੱਕ ਅਮੈਰੀਕਨਜ਼ ਦਾ ਟੀਕਾਕਰਣ ਹੋ ਚੁੱਕਿਆ ਹੈ ਤੇ ਦੁਨੀਆ ਦੇ ਕਈ ਹਿੱਸਿਆਂ ਵਿੱਚ ਹਾਲਾਤ ਅਜੇ ਵੀ ਬਹੁਤ ਨਾਜ਼ੁਕ ਹਨ ਤੇ ਉੱਥੇ ਵੈਕਸੀਨ ਦੀ ਕਾਫੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

ਵਾਈਟ ਹਾਊਸ ਨੇ ਆਖਿਆ ਕਿ ਪਹਿਲੀਆਂ 25 ਮਿਲੀਅਨ ਡੋਜ਼ਾਂ ਵਿੱਚੋਂ 19 ਮਿਲੀਅਨ ਡੋਜ਼ਾਂ ਕੋਵੈਕਸ ਨੂੰ ਦਿੱਤੀਆਂ ਜਾਣਗੀਆਂ, 6 ਮਿਲੀਅਨ ਸਾਊਥ ਤੇ ਸੈਂਟਰਲ ਅਮੈਰਿਕਾ, 7 ਮਿਲੀਅਨ ਏਸ਼ੀਆ ਤੇ 5 ਮਿਲੀਅਨ ਅਫਰੀਕਾ ਲਈ ਦਿੱਤੀਆਂ ਜਾਣਗੀਆਂ। ਅਮਰੀਕਾ ਵੱਲੋਂ ਦਿੱਤੀਆਂ ਜਾਣ ਵਾਲੀਆਂ ਇਨ੍ਹਾਂ ਡੋਜ਼ਾਂ ਨਾਲ ਕੋਵੈਕਸ ਦੀਆਂ ਕੋਸ਼ਿਸ਼ਾਂ ਨੂੰ ਹੁਲਾਰਾ ਮਿਲੇਗਾ। ਇਸ ਪ੍ਰੋਗਰਾਮ ਤਹਿਤ ਹੁਣ ਤੱਕ ਲੋੜਵੰਦ ਦੇਸ਼ਾਂ ਨੂੰ 76 ਮਿਲੀਅਨ ਡੋਜ਼ਾਂ ਹੀ ਦਿੱਤੀਆਂ ਜਾ ਸਕੀਆਂ ਹਨ।

ਜੂਨ ਦੇ ਅੰਤ ਤੱਕ ਵਾਈਟ ਹਾਊਸ ਵੱਲੋਂ 80 ਮਿਲੀਅਨ ਡੋਜ਼ਾਂ ਗਲੋਬਲ ਪੱਧਰ ਉੱਤੇ ਸਾਂਝੀਆਂ ਕੀਤੇ ਜਾਣ ਦਾ ਟੀਚਾ ਹੈ, ਜਿਨ੍ਹਾਂ ਵਿੱਚੋਂ ਬਹੁਤੀਆਂ ਕੋਵੈਕਸ ਰਾਹੀਂ ਸਾਂਝੀਆਂ ਕੀਤੀਆਂ ਜਾਣਗੀਆਂ। ਪਰ ਅਮਰੀਕਾ ਦੀਆਂ ਵਾਧੂ ਬਚੀਆਂ ਹੋਈਆਂ ਡੋਜ਼ਾਂ ਵਿੱਚੋਂ 25 ਫੀ ਸਦੀ ਐਮਰਜੰਸੀ ਲਈ ਰਾਖਵੀਆਂ ਰੱਖੀਆਂ ਜਾਣਗੀਆਂ ਤੇ ਅਮਰੀਕਾ ਇਨ੍ਹਾਂ ਨੂੰ ਸਿੱਧੇ ਤੌਰ ਉੱਤੇ ਆਪਣੇ ਭਾਈਵਾਲਾਂ ਨਾਲ ਸਾਂਝਾ ਕਰ ਸਕੇਗਾ। ਆਪਣੇ ਬਿਆਨ ਵਿੱਚ ਬਾਇਡਨ ਨੇ ਆਖਿਆ ਕਿ ਜਿੰਨਾ ਚਿਰ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਇਹ ਮਹਾਂਮਾਰੀ ਮੌਜੂਦ ਹੈ ਓਨਾ ਚਿਰ ਅਮੈਰੀਕਨਜ਼ ਨੂੰ ਖਤਰਾ ਹੈ। ਉਨ੍ਹਾਂ ਆਖਿਆ ਕਿ ਜਿਸ ਤਰ੍ਹਾਂ ਅਸੀਂ ਆਪਣੇ ਦੇਸ਼ ਵਿੱਚ ਵੈਕਸੀਨੇਸ਼ਨ ਵਿੱਚ ਤੇਜ਼ੀ ਲਿਆਂਦੀ ਉਸੇ ਤਰ੍ਹਾਂ ਅਸੀਂ ਕੌਮਾਂਤਰੀ ਪੱਧਰ ਉੱਤੇ ਚਾਹੁੰਦੇ ਹਾਂ ਕਿ ਜਲਦ ਤੋਂ ਜਲਦ ਸੱਭ ਦਾ ਟੀਕਾਕਰਣ ਹੋ ਜਾਵੇ।

25 ਮਿਲੀਅਨ ਦੀ ਪਹਿਲੀ ਖੇਪ ਵਿੱਚੋਂ ਬਚੀ ਹੋਈ 6 ਮਿਲੀਅਨ ਡੋਜ਼ ਅਮਰੀਕਾ ਵੱਲੋਂ ਆਪਣੇ ਭਾਈਵਾਲਾਂ, ਮੈਕਸਿਕੋ, ਕੈਨੇਡਾ, ਸਾਊਥ ਕੋਰੀਆ, ਵੈਸਟ ਬੈਂਕ, ਗਾਜ਼ਾ, ਭਾਰਤ, ਯੂਕਰੇਨ, ਕੋਸੋਵੋ, ਹਾਇਤੀ, ਜਾਰਜੀਆ, ਮਿਸਰ, ਜੌਰਡਨ, ਇਰਾਕ ਤੇ ਯਮਨ ਦੇ ਨਾਲ ਨਾਲ ਸੰਯੁਕਤ ਰਾਸ਼ਟਰ ਦੇ ਫਰੰਟਲਾਈਨ ਵਰਕਰਜ਼ ਨੂੰ ਦਿੱਤੀ ਜਾਵੇਗੀ। ਇਸ ਦੌਰਾਨ ਅਮਰੀਕਾ ਦੀ ਵਾਈਸ ਪ੍ਰੈਜ਼ੀਡੈਂਟ ਕਮਲਾ ਹੈਰਿਸ ਨੇ ਅਮਰੀਕਾ ਦੇ ਕਈ ਭਾਈਵਾਲਾਂ ਨਾਲ ਗੱਲ ਕਰਕੇ ਉਨ੍ਹਾਂ ਨੂੰ ਦੱਸਿਆ ਕਿ ਜਲਦ ਹੀ ਉਨ੍ਹਾਂ ਨੂੰ ਵੈਕਸੀਨ ਮਿਲਣ ਲੱਗੇਗੀ। ਹੈਰਿਸ ਵੱਲੋਂ ਜਿਨ੍ਹਾਂ ਨੂੰ ਕਾਲ ਕੀਤਾ ਗਿਆ ਉਨ੍ਹਾਂ ਵਿੱਚ ਮੈਕਸਿਕੋ ਦੇ ਰਾਸ਼ਟਰਪਤੀ ਆਂਦਰੇਸ ਮੈਨੂਅਲ ਲੋਪੇਜ਼ ਓਬਰਾਡੋਰ,ਗੁਆਟੇਮਾਲਾ ਦੇ ਰਾਸ਼ਟਰਪਤੀ ਐਲੇਜ਼ਾਂਦਰੋ ਗਿਆਮੇਤੇਈ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਤ੍ਰਿਨੀਦਾਦ ਐਂਡ ਟੋਬੈਗੋ ਦੇ ਪ੍ਰਧਾਨ ਮੰਤਰੀ ਕੀਥ ਰਾਊਲੇ ਸ਼ਾਮਲ ਹਨ।

# ਕਰੋਨਾਵਾਇਰਸ ਦੀ ਚੌਥੀ ਵੇਵ ਲਿਆ ਸਕਦੀ ਹੈ ਡੈਲਟਾ ਵੇਰੀਐਂਟ!

ਟੋਰਾਂਟੋ, 3 ਜੂਨ (ਪੋਸਟ ਬਿਊਰੋ) : ਨਵਾਂ ਕਰੋਨਾਵਾਇਰਸ ਵੇਰੀਐਂਟ ਆਫ ਕਨਸਰਨ ਓਨਟਾਰੀਓ ਵਿੱਚ ਹਫਤਿਆਂ ਦੇ ਅੰਦਰ ਅੰਦਰ ਓਨਟਾਰੀਓ ਵਿੱਚ ਚੌਥੀ ਵੇਵ ਸ਼ੁਰੂ ਕਰਵਾ ਸਕਦਾ ਹੈ। ਇਹ ਚੇਤਾਵਨੀ ਬੁੱਧਵਾਰ ਨੂੰ ਰੀਜਨ ਦੇ ਉੱਘੇ ਪਬਲਿਕ ਹੈਲਥ ਅਧਿਕਾਰੀਆਂ ਵਿੱਚੋਂ ਇੱਕ ਨੇ ਦਿੱਤੀ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਵੇਰੀਐਂਟ ਹੋਰਨਾਂ ਵੇਰੀਐਂਟਸ ਨਾਲੋਂ ਕਿਤੇ ਜ਼ਿਆਦਾ ਖਤਰਨਾਕ ਹੈ ਤੇ ਇਸ ਦੇ ਹੋਰਨਾਂ ਵੇਰੀਐਂਟਸ ਦੇ ਮੁਕਾਬਲੇ ਗੰਭੀਰ ਲੱਛਣ ਹੋ ਸਕਦੇ ਹਨ।

ਬੀ.1.617 ਪਰਿਵਾਰ ਦੇ ਦੋ ਵੇਰੀਐਂਟ ਵਿੱਚੋਂ ਇਸ ਨੂੰ ਇੱਕ ਦੱਸਿਆ ਜਾ ਰਿਹਾ ਹੈ, ਜੋ ਕਿ ਪਿਛਲੇ ਕੁੱਝ ਮਹੀਨਿਆਂ ਤੋਂ ਭਾਰਤ ਵਿੱਚ ਕੋਵਿਡ-19 ਵੱਲੋਂ ਮਚਾਈ ਤਬਾਹੀ ਲਈ ਮੁੱਖ ਤੌਰ ਉੱਤੇ ਜ਼ਿੰਮੇਵਾਰ ਹੈ। ਬੀ.1.617.2 ਨੂੰ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਵੱਲੋਂ ਨਵੇਂ ਸਿਸਟਮ ਤਹਿਤ ਡੈਲਟਾ ਵੇਰੀਐਂਟ ਦਾ ਨਾਂ ਦਿੱਤਾ ਗਿਆ ਹੈ। ਇਸ ਨੂੰ 10 ਮਈ ਨੂੰ ਵੇਰੀਐਂਟ ਆਫ ਗਲੋਬਲ ਕਨਸਰਨ ਦਾ ਚੌਥਾ ਵੇਰੀਐਂਟ ਕਰਾਰ ਦਿੱਤਾ ਗਿਆ। ਪਿਛਲੇ ਹਫਤੇ ਆਰਗੇਨਾਈਜ਼ੇਸ਼ਨ ਨੇ ਕਿ ਇਹ ਵੇਰੀਐਂਟ ਦੁਨੀਆ ਭਰ ਦੀਆਂ 60 ਟੈਰੇਟਰੀਜ਼ ਵਿੱਚ ਪਾਇਆ ਗਿਆ ਹੈ।

ਉਨ੍ਹਾਂ ਵਿੱਚ ਕੈਨੇਡਾ ਵੀ ਸ਼ਾਮਲ ਹੈ, ਜਿੱਥੇ ਨੋਵਾ ਸਕੋਸ਼ੀਆ ਨੂੰ ਛੱਡ ਕੇ ਇਹ ਵੇਰੀਐਂਟ ਸਾਰੇ ਪ੍ਰੋਵਿੰਸਾਂ ਵਿੱਚ ਪਾਇਆ ਗਿਆ ਹੈ। ਨੂਨਾਵਤ ਵਿੱਚ ਬੈਫਿਨ ਆਈਲੈਂਡ ਉੱਤੇ ਮੈਰੀ ਰਿਵਰ ਮਾਈਨ ਵਿੱਚ ਹੋਈ ਆਊਟਬ੍ਰੇਕ ਲਈ ਵੀ ਇਹੋ ਵੇਰੀਐਂਟ ਜ਼ਿੰਮੇਵਾਰ ਪਾਇਆ ਗਿਆ। ਓਨਟਾਰੀਓ ਵਿੱਚ ਸਿਹਤ ਅਧਿਕਾਰੀਆਂ ਨੇ ਸੋਮਵਾਰ ਨੂੰ ਆਖਿਆ ਕਿ ਇਸ ਦੂਰ ਦਰਾਜ ਦੀ ਮਾਈਨ ਸਾਈਟ ਉੱਤੇ ਕੰਮ ਕਰਨ ਵਾਲੇ 1000 ਵਰਕਰਜ਼ ਵਿੱਚੋਂ 120 ਦੇ ਕੋਵਿਡ-19 ਟੈਸਟ ਪਾਜ਼ੀਟਿਵ ਪਾਏ ਗਏ ਤੇ ਇਹ ਪਾਜ਼ੀਟਿਵ ਪਾਏ ਗਏ ਵਰਕਰਜ਼ ਹੁਣ ਓਨਟਾਰੀਓ ਵਿੱਚ ਕਈ ਥਾਂਵਾਂ ਉੱਤੇ ਪਰਤ ਚੁੱਕੇ ਹਨ।

ਓਨਟਾਰੀਓ ਸਰਕਾਰ ਦੇ ਸਾਇੰਸ ਐਡਵਾਈਜ਼ਰੀ ਟੇਬਲ ਦੇ ਸਾਇੰਟਿਫਿਕ ਡਾਇਰੈਕਟਰ ਡਾ. ਪੀਟਰ ਜੂਨੀ ਨੇ ਬੁੱਧਵਾਰ ਨੂੰ ਆਖਿਆ ਕਿ ਬੀ.1.617 ਵੇਰੀਐਂਟਸ ਬੀ.1.1.7 ਨਾਲੋਂ 50 ਫੀ ਸਦੀ ਵਧੇਰੇ ਟਰਾਂਸਫਰਯੋਗ ਹਨ। ਬੀ.1.1.7 ਉਹ ਵੇਰੀਐਂਟ ਸੀ ਜਿਸਦੀ ਯੁਨਾਈਟਿਡ ਕਿੰਗਡਮ ਵਿੱਚ ਪਛਾਣ ਹੋਈ ਸੀ ਤੇ ਕੈਨੇਡਾ ਵਿੱਚ ਤੀਜੀ ਵੇਵ ਲਿਆਉਣ ਲਈ ਵੀ ਉਹੀ ਜ਼ਿੰਮੇਵਾਰ ਸੀ।

ਪੀਲ ਰੀਜਨ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ. ਲਾਅਰੈਂਸ ਲੋਹ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਆਖਿਆ ਕਿ ਬੀ.1.617 ਦੇ ਮਾਮਲੇ ਤੇਜ਼ੀ ਨਾਲ ਬੀ.1.117 ਦੇ ਮਾਮਲਿਆਂ ਦੀ ਥਾਂ ਲੈ ਰਹੇ ਹਨ। ਇਹ ਲੋਕਲ ਪੱਧਰ ਉੱਤੇ ਤੇਜ਼ੀ ਨਾਲ ਫੈਲ ਰਹੇ ਹਨ। ਇਸ ਸਮੇਂ ਪੀਲ ਰੀਜਨ ਵਿੱਚ ਬੀ.1.617 ਦੇ 97 ਮਾਮਲੇ ਪਾਏ ਗਏ ਹਨ ਤੇ ਇਹ ਤੇਜ਼ੀ ਨਾਲ ਫੈਲ ਸਕਦੇ ਹਨ। ਜਿਹੜਾ ਰੁਝਾਨ ਸਾਹਮਣੇ ਆਇਆ ਹੈ ਉਹ ਕਾਫੀ ਚਿੰਤਾਜਨਕ ਹੈ।


REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
* DEBT CONSOLIDATION • HOME EQUITY
* LOANS • HOME RENOVATION
* WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'



MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%

YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਜੀ-7 ਸਿਖਰ ਵਾਰਤਾ ਵਿਚ ਨਿੱਜੀ ਤੌਰ ’ਤੇ ਹਿੱਸਾ ਲੈਣਗੇ ਟਰੂਡੋ



ਓਟਵਾ, 3 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਉਹ 11 ਤੋਂ 13 ਜੂਨ ਤੱਕ ਹੋਣ ਜਾ ਰਹੀ ਜੀ-7 ਆਗੂਆਂ ਦੀ ਸਿਖਰ ਵਾਰਤਾ ਵਿੱਚ ਨਿਜੀ ਤੌਰ ਉੱਤੇ ਹਿੱਸਾ ਲੈਣਗੇ। ਇਸ ਤੋਂ ਬਾਅਦ ਉਹ 14 ਜੂਨ ਨੂੰ ਨਾਟੋ ਸਮਿਟ ਵਿੱਚ ਵੀ ਸ਼ਿਰਕਤ ਕਰਨਗੇ ਤੇ ਬਰੱਸਲਜ਼ ਵਿੱਚ ਹੋਣ ਵਾਲੀ ਕੈਨੇਡਾ-ਯੂਰਪੀਅਨ ਯੂਨੀਅਨ ਸਿਖਰ ਵਾਰਤਾ ਵਿੱਚ ਵੀ ਸ਼ਮੂਲੀਅਤ ਕਰਨਗੇ।

ਟਰੂਡੋ ਨੇ ਆਖਿਆ ਕਿ ਗਲੋਬਲ ਆਗੂਆਂ ਨੂੰ ਉਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਇੱਕਠਾ ਹੋਣਾ ਹੋਵੇਗਾ ਜਿਨ੍ਹਾਂ ਦਾ ਸਾਹਮਣਾ ਇਸ ਸਮੇਂ ਪੂਰੀ ਦੁਨੀਆ ਕਰ ਰਹੀ ਹੈ ਤੇ ਭਵਿੱਖ ਵਿੱਚ ਕਰੇਗੀ। ਪ੍ਰਧਾਨ ਮੰਤਰੀ ਦੇ ਆਫਿਸ ਨੇ ਆਖਿਆ ਕਿ ਯੂ ਕੇ ਤੇ ਬੈਲਜੀਅਮ ਜਾਣ ਵਾਲਾ ਕੈਨੇਡੀਅਨ ਵਫਦ ਸਖ਼ਤ ਪਬਲਿਕ ਹੈਲਥ ਪ੍ਰੋਟੋਕਾਲਜ਼ ਤੇ ਪ੍ਰੋਸੀਜਰਜ਼ ਦਾ ਪਾਲਣ ਕਰੇਗਾ। ਇਨ੍ਹਾਂ ਸਾਰੇ ਨਿਯਮਾਂ ਦਾ ਪਾਲਣ ਵਫਦ ਵੱਲੋਂ ਆਪਣੇ ਦੌਰੇ ਦੌਰਾਨ, ਟਰਾਂਜ਼ਿਟ ਦੌਰਾਨ ਤੇ ਘਰੇ ਪਹੁੰਚਣ ਉੱਤੇ ਵੀ ਕੀਤਾ ਜਾਵੇਗਾ।

ਬ੍ਰਿਟਿਸ਼ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਸ਼ੁੱਕਰਵਾਰ ਨੂੰ ਇਹ ਆਖਿਆ ਸੀ ਕਿ ਟਰੂਡੋ ਜੀ-7 ਦੇਸ਼ਾਂ ਦੀ ਸਿਖਰ ਵਾਰਤਾ ਵਿੱਚ ਨਿਜੀ ਤੌਰ ਉੱਤੇ ਸ਼ਿਰਕਤ ਕਰਨਗੇ ਪਰ ਉਹ ਸਮੇਂ ਟਰੂਡੋ ਵੱਲੋਂ ਇਸ ਦੀ ਪੁਸ਼ਟੀ ਨਹੀਂ ਸੀ ਕੀਤੀ ਗਈ। ਬੁੱਧਵਾਰ ਨੂੰ ਟਰੂਡੋ ਨੇ ਆਖਿਆ ਕਿ ਕੈਨੇਡਾ ਆਪਣੇ ਕੌਮਾਂਤਰੀ ਭਾਈਵਾਲਾਂ ਨਾਲ ਰਲ ਕੇ ਲੋਕਾਂ ਨੂੰ ਸਿਹਤਮੰਦ ਰੱਖਣ, ਰੋਜ਼ਗਾਰ ਦੇ ਮੌਕੇ ਪੈਦਾ ਕਰਨ, ਮੱਧ ਵਰਗ ਦੇ ਵਿਕਾਸ ਵੱਲ ਧਿਆਨ ਦੇਣ, ਕਲਾਈਮੇਟ ਚੇਂਜ ਨਾਲ ਲੜਨ ਤੇ ਜਮਹੂਰੀ ਕਦਰਾਂ ਕੀਮਤਾਂ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰੇਗਾ।

ਇਸ ਵਾਰੀ ਜੀ-7 ਸਿਖਰ ਵਾਰਤਾ ਵਿੱਚ ਮੁੱਖ ਤੌਰ ਉੱਤੇ ਕੌਮਾਂਤਰੀ ਨਿਯਮਾਂ ਨੂੰ ਹੱਲਾਸ਼ੇਰੀ ਦੇਣਾ, ਮਨੁੱਖੀ ਅਧਿਕਾਰ, ਜਮਹੂਰੀਅਤ ਤੇ ਲਿੰਗਕ ਸਮਾਨਤਾ ਵਰਗੇ ਮੁੱਦੇ ਵਿਚਾਰੇ ਜਾਣਗੇ। ਕੈਨੇਡਾ-ਈਯੂ ਸਿਖਰ ਵਾਰਤਾ ਦੌਰਾਨ ਟਰੂਡੋ ਯੂਰਪੀਅਨ ਕਾਊਂਸਲ ਦੇ ਪ੍ਰੈਜ਼ੀਡੈਂਟ, ਚਾਰਲਸ ਮਾਈਕਲ ਤੇ ਯੂਰਪੀਅਨ ਕਮਿਸ਼ਨ ਦੇ ਪ੍ਰੈਜ਼ੀਡੈਂਟ ਉਰਸੁਲਾ ਵੌਨ ਡੇਰ ਲੇਯੇਨ ਨਾਲ ਮੁਲਾਕਾਤ ਕਰਨਗੇ।

# 70+ ਨੂੰ ਯੌਰਕ ਰੀਜਨ ਵਿੱਚ ਲਾਈ ਜਾਵੇਗੀ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼




ਓਨਟਾਰੀਓ, 3 ਜੂਨ (ਪੋਸਟ ਬਿਊਰੋ) : ਯੌਰਕ ਰੀਜਨ ਵਿੱਚ ਹੁਣ 70 ਸਾਲ ਤੋਂ ਵੱਧ ਉਮਰ ਦੇ ਲੋਕ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ ਲਈ ਅਪੁਆਇੰਟਮੈਂਟ ਬੁੱਕ ਕਰਵਾ ਸਕਣਗੇ।

ਪਬਲਿਕ ਹੈਲਥ ਯੂਨਿਟ ਵੱਲੋਂ ਬੁੱਧਵਾਰ ਨੂੰ ਇਹ ਐਲਾਨ ਕੀਤਾ ਗਿਆ ਕਿ ਉਨ੍ਹਾਂ ਵੱਲੋਂ 70 ਸਾਲ ਤੇ ਇਸ ਤੋਂ ਉੱਪਰ ਉਮਰ ਦੇ ਲੋਕਾਂ ਲਈ ਵੈਕਸੀਨੇਸ਼ਨ ਦੀ ਯੋਗਤਾ ਰੱਖੀ ਗਈ ਹੈ। ਜੇ ਕਿਸੇ ਨੇ ਆਪਣੀ ਦੂਜੀ ਡੋਜ਼ ਲਈ ਪਹਿਲਾਂ ਹੀ ਬੁਕਿੰਗ ਕਰਵਾਈ ਹੋਈ ਹੈ ਉਸ ਕੋਲ ਹੁਣ ਦੂਜੀ ਡੋਜ਼ ਜਲਦੀ ਲਵਾਉਣ ਦਾ ਮੌਕਾ ਹੈ। ਯੌਰਕ ਰੀਜਨ ਨੇ ਇੱਕ ਨਿਊਜ਼ ਰਲੀਜ਼ ਵਿੱਚ ਦੱਸਿਆ ਕਿ ਭਾਵੇਂ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਕੋਵਿਡ-19 ਇਨਫੈਕਸ਼ਨ, ਗੰਭੀਰ ਬਿਮਾਰੀ, ਹੌਸਪਿਟਲਾਈਜ਼ੇਸ਼ਨ ਜਾਂ ਮੌਤ ਤੋਂ ਬਚਣ ਲਈ ਕਾਫੀ ਅਸਰਦਾਰ ਹੈ ਪਰ ਫਿਰ ਵੀ ਵਧੇਰੇ ਪ੍ਰੋਟੈਕਸ਼ਨ ਲਈ ਦੂਜੀ ਡੋਜ਼ ਲਾਈ ਜਾਣੀ ਜ਼ਰੂਰੀ ਹੈ।

ਜੇ ਕਿਸੇ 70 ਪਲੱਸ ਵਿਅਕਤੀ ਨੇ ਅਜੇ ਤੱਕ ਸੈਕਿੰਡ ਡੋਜ਼ ਬੁੱਕ ਨਹੀਂ ਕਰਵਾਈ ਤਾਂ ਉਹ ਦੂਜੀ ਡੋਜ਼ ਆਨਲਾਈਨ ਬੁੱਕ ਕਰ ਸਕਦਾ ਹੈ। ਜਦੋਂ ਤੱਕ ਨਵੀਂ ਅਪੁਆਇੰਟਮੈਂਟ ਦੀ ਪੁਸ਼ਟੀ ਨਹੀਂ ਹੋ ਜਾਂਦੀ ਪੁਰਾਣੀ ਵਾਲੀ ਰੱਦ ਨਹੀਂ ਕੀਤੀ ਜਾਵੇਗੀ। ਯੌਰਕ ਰੀਜਨ ਨੇ ਆਖਿਆ ਕਿ ਜਿਨ੍ਹਾਂ ਨੇ ਪਹਿਲੀ ਡੋਜ਼ ਵੀ ਨਹੀਂ ਲਵਾਈ ਉਨ੍ਹਾਂ ਲਈ ਵੀ ਇਹ ਫਾਇਦੇਮੰਦ ਰਹੇਗਾ ਕਿ ਹੁਣ ਆਪਣੀ ਪਹਿਲੀ ਡੋਜ਼ ਲਵਾ ਲੈਣ।

# ਮਿਲਟਨ ਦੇ ਘਰ ਵਿੱਚ ਲੱਗੀ ਅੱਗ, ਇੱਕ ਮਹਿਲਾ ਦੀ ਹੋਈ ਮੌਤ



ਮਿਲਟਨ, 3 ਜੂਨ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਮਿਲਟਨ ਦੇ ਇੱਕ ਘਰ ਵਿੱਚ ਲੱਗੀ ਅੱਗ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਹਾਲਟਨ ਰੀਜਨਲ ਪੁਲਿਸ ਨੂੰ ਸਟੀਲਜ਼ ਐਵਨਿਊ ਵੈਸਟ ਸਥਿਤ ਇੱਕ ਘਰ ਵਿੱਚ ਲੱਗੀ ਅੱਗ ਤੋਂ ਬਾਅਦ ਰਾਤੀਂ 12:30 ਵਜੇ ਸੱਦਿਆ ਗਿਆ। ਇਹ ਅੱਗ ਛੇ ਯੂਨਿਟ ਦੇ ਟਾਊਨਹਾਊਸ ਦੇ ਇੱਕ ਹਿੱਸੇ ਵਿੱਚ ਲੱਗੀ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਇਸ ਘਰ ਦੀ ਪਹਿਲੀ ਮੰਜ਼ਿਲ ਤੋਂ ਅੱਗ ਦੀਆਂ ਲਪਟਾਂ ਬਾਹਰ ਆਉਂਦੀਆਂ ਵੇਖੀਆਂ। ਲੋਕਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਇੱਕ ਵਿਅਕਤੀ ਅਜੇ ਵੀ ਘਰ ਦੀ ਪਹਿਲੀ ਮੰਜ਼ਿਲ ਉੱਤੇ ਮੌਜੂਦ ਹੈ।

ਪੁਲਿਸ ਨੇ ਘਰ ਦੇ ਅੰਦਰ ਦਾਖਲ ਹੋ ਕੇ ਲਾਪਤਾ ਵਿਅਕਤੀ ਨੂੰ ਭਾਲਣ ਦੀ ਕੋਸ਼ਿਸ਼ ਕੀਤੀ ਪਰ ਅੱਗ ਦੀਆਂ ਲਪਟਾਂ ਤੇ ਭਾਰੀ ਧੂੰਏ ਕਾਰਨ ਉਨ੍ਹਾਂ ਨੂੰ ਪਿੱਛੇ ਹਟਨਾ ਪਿਆ। ਮਿਲਟਨ ਫਾਇਰ ਡਿਪਾਰਟਮੈਂਟ ਵੱਲੋਂ ਅੱਗ ਉੱਤੇ ਕਾਬੂ ਪਾ ਲਏ ਜਾਣ ਤੋਂ ਬਾਅਦ ਹੀ ਘਰ ਵਿੱਚੋਂ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ। ਇਸ ਹਾਦਸੇ ਵਿੱਚ ਹੋਰ ਕੋਈ ਜ਼ਖ਼ਮੀ ਨਹੀਂ ਹੋਇਆ ਪਰ ਦੋ ਪੁਲਿਸ ਅਧਿਕਾਰੀਆਂ ਨੂੰ ਧੂੰਆਂ ਚੜ੍ਹ ਜਾਣ ਦਾ ਇਲਾਜ ਮੌਕੇ ਉੱਤੇ ਹੀ ਕਰ ਦਿੱਤਾ ਗਿਆ। ਓਨਟਾਰੀਓ ਫਾਇਰ ਮਾਰਸ਼ਲ ਦੇ ਆਫਿਸ ਨੂੰ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਸੱਦਿਆ ਗਿਆ।

# ਅਰਥਚਾਰੇ ਨੂੰ ਮੁੜ ਖੋਲ੍ਹਣ ਲਈ ਜਲਦ ਐਲਾਨ ਕਰ ਸਕਦੀ ਹੈ ਸਰਕਾਰ



ਓਨਟਾਰੀਓ, 3 ਜੂਨ (ਪੋਸਟ ਬਿਊਰੋ) : ਆਉਣ ਵਾਲੇ ਦਿਨਾਂ ਵਿੱਚ ਓਨਟਾਰੀਓ ਵਿੱਚ ਅਰਥਚਾਰੇ ਨੂੰ ਮੁੜ ਖੋਲ੍ਹਣ ਲਈ ਪ੍ਰੋਵਿੰਸ਼ੀਅਲ ਸਰਕਾਰ ਜਲਦ ਐਲਾਨ ਕਰ ਸਕਦੀ ਹੈ।

ਪ੍ਰੀਮੀਅਰ ਡੱਗ ਫੋਰਡ ਨੇ ਬੁੱਧਵਾਰ ਨੂੰ ਦੋ ਵਾਰੀ ਕੈਬਨਿਟ ਨਾਲ ਮੁਲਾਕਾਤ ਕੀਤੀ। ਸੂਤਰਾਂ ਨੇ ਦੱਸਿਆ ਕਿ ਕੈਬਨਿਟ ਨੇ ਇੱਕ ਵਾਰੀ ਸਕੂਲਾਂ ਬਾਰੇ ਫੈਸਲਾ ਕਰਨ ਲਈ ਮੀਟਿੰਗ ਕੀਤੀ ਤੇ ਦੁਪਹਿਰ ਵੇਲੇ ਉਨ੍ਹਾਂ ਅਰਥਚਾਰੇ ਨੂੰ ਮੁੜ ਤੇਜ਼ੀ ਨਾਲ ਖੋਲ੍ਹੱਣ ਬਾਰੇ ਮੁਲਾਕਾਤ ਕੀਤੀ। ਇਕਨੌਮਿਕ ਰੀਓਪਨਿੰਗ ਵਿੱਚ ਕਿਸੇ ਕਿਸਮ ਦੀਆਂ ਤਬਦੀਲੀਆਂ ਬਾਰੇ ਇਸ ਹਫਤੇ ਦੇ ਅੰਤ ਤੱਕ ਦੱਸ ਦਿੱਤਾ ਜਾਵੇਗਾ। ਇਸ ਦੌਰਾਨ ਪ੍ਰੀਮੀਅਰ ਦੇ ਆਫਿਸ ਵੱਲੋਂ ਇਸ ਗੱਲ ਤੋਂ ਇਨਕਾਰ ਕੀਤਾ ਗਿਆ ਹੈ ਕਿ ਕੈਬਨਿਟ ਰੀਓਪਨਿੰਗ ਪਲੈਨ ਬਾਰੇ ਗੱਲਬਾਤ ਕਰ ਰਹੀ ਹੈ।

ਪਰ ਫੋਰਡ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਇਸ ਗੱਲ ਨੂੰ ਲੈ ਕੇ ਸਕਾਰਾਤਮਕ ਰੌਂਅ ਵਿੱਚ ਹਨ ਕਿ ਉਹ ਸ਼ਡਿਊਲ ਤੋਂ ਪਹਿਲਾਂ ਰੀਓਪਨਿੰਗ ਪਲੈਨ ਨੂੰ ਅੰਜਾਮ ਦੇ ਸਕਦੇ ਹਨ। ਪਰ ਉਨ੍ਹਾਂ ਅਰਥਚਾਰੇ ਨੂੰ ਵਿਦਿਆਰਥੀਆਂ ਤੇ ਅਧਿਆਪਕਾਂ ਤੋਂ ਪਹਿਲ ਦੇਣ ਤੋਂ ਇਨਕਾਰ ਕਰ ਦਿੱਤਾ।

# ਅੱਜ ਤੋਂ ਖ਼ਤਮ ਹੋ ਰਹੇ ਹਨ ਸਟੇਅ-ਐਟ-ਹੋਮ ਆਰਡਰਜ਼, ਹੋਰ ਪਾਬੰਦੀਆਂ ਜਾਰੀ ਰਹਿਣਗੀਆਂ




ਓਨਟਾਰੀਓ, 3 ਜੂਨ (ਪੋਸਟ ਬਿਊਰੋ) : ਓਨਟਾਰੀਓ ਦੇ ਸਟੇਅ-ਐਟ-ਹੋਮ ਆਰਡਰਜ਼ ਅੱਜ ਖ਼ਤਮ ਹੋਣ ਜਾ ਰਹੇ ਹਨ ਪਰ ਹੋਰ ਪਬਲਿਕ ਹੈਲਥ ਮਾਪਦੰਡ ਪਹਿਲਾਂ ਵਾਂਗ ਹੀ ਬਣੇ ਰਿਹਣਗੇ।

ਅਪਰੈਲ ਵਿੱਚ ਲਾਗੂ ਕੀਤੇ ਗਏ ਇਨ੍ਹਾਂ ਨਿਯਮਾਂ ਵਿੱਚ ਰੈਜ਼ੀਡੈਂਟਸ ਨੂੰ ਉਸ ਸੂਰਤ ਵਿੱਚ ਹੀ ਘਰ ਤੋਂ ਬਾਹਰ ਆਉਣ ਦੀ ਇਜਾਜ਼ਤ ਦਿੱਤੀ ਗਈ ਸੀ ਜੇ ਉਨ੍ਹਾਂ ਨੇ ਐਕਸਰਸਾਈਜ਼ ਕਰਨੀ ਹੈ, ਗਰੌਸਰੀ ਖਰੀਦਣੀ ਹੈ ਤੇ ਜਾਂ ਫਿਰ ਉਨ੍ਹਾਂ ਨੂੰ ਹੈਲਥ ਕੇਅਰ ਦੀ ਲੋੜ ਹੈ। ਅੱਜ ਇਹ ਨਿਯਮ ਪ੍ਰਭਾਵੀ ਨਹੀਂ ਰਹਿ ਗਏ ਹਨ। ਪਰ ਹੋਰ ਮਾਪਦੰਡ ਜਿਵੇਂ ਕਿ ਆਊਟਡੋਰ ਇੱਕਠ ਦੌਰਾਨ ਪੰਜ ਵਿਅਕਤੀਆਂ ਦਾ ਜੁਟਨਾ ਤੇ ਇਨ ਪਰਸਨ ਰੀਟੇਲ ਤੇ ਨਾਲ ਨਾਲ ਹੋਰ ਕਾਰੋਬਾਰੀ ਪਾਬੰਦੀਆਂ ਜਾਰੀ ਰਹਿਣਗੀਆਂ।

ਪ੍ਰੋਵਿੰਸ ਇਸ ਮਹੀਨੇ ਦੇ ਅੰਤ ਵਿੱਚ ਅਰਥਚਾਰੇ ਨੂੰ ਮੁੜ ਖੋਲ੍ਹਣ ਉੱਤੇ ਵਿਚਾਰ ਕਰ ਰਿਹਾ ਹੈ। ਇਸ ਦੇ ਨਾਲ ਹੀ ਕਾਰੋਬਾਰਾਂ ਉੱਤੇ ਲੱਗੀਆਂ ਪਾਬੰਦੀਆਂ ਤੇ ਆਊਟਡੋਰ ਗਤੀਵਿਧੀਆਂ ਉੱਤੇ ਲੱਗੀਆਂ ਪਾਬੰਦੀਆਂ ਵਿੱਚ ਵੀ ਛੋਟ ਦਿੱਤੇ ਜਾਣ ਦੀ ਸੰਭਾਵਨਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮਹਾਂਮਾਰੀ ਦਾ ਰੌਂਅ ਹੁਣ ਥੋੜ੍ਹਾ ਮੱਠਾ ਪਿਆ ਹੈ ਤੇ ਹਾਲਾਤ ਸੁਧਰ ਰਹੇ ਹਨ ਪਰ ਅਜੇ ਪਾਬੰਦੀਆਂ ਹਟਾਏ ਜਾਣਾ ਸਹੀ ਨਹੀਂ ਹੋਵੇਗਾ।

# ਐਜੈਕਸ ਵਿੱਚ ਚੱਲੀ ਗੋਲੀ, 1 ਹਲਾਕ




ਦਰਹਾਮ, 3 ਜੂਨ (ਪੋਸਟ ਬਿਊਰੋ) : ਐਜੈਕਸ ਵਿੱਚ ਰਾਤੀਂ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਦਰਹਾਮ ਪੁਲਿਸ ਨੇ ਆਖਿਆ ਕਿ ਬੁੱਧਵਾਰ ਅੱਧੀ ਰਾਤ ਨੂੰ ਰੌਸਲੈਂਡ ਰੋਡ ਤੇ ਵੈਸਟਨੇਅ ਰੋਡ ਨੇੜੇ ਸਮਿੱਥ ਲੇਨ ਉੱਤੇ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ ਉਨ੍ਹਾਂ ਨੂੰ ਮੌਕੇ ਉੱਤੇ ਸੱਦਿਆ ਗਿਆ।

ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਿਸ ਨੇ ਆਖਿਆ ਕਿ ਇਹ ਸੋਚ ਸਮਝ ਕੇ ਉਸ ਵਿਅਕਤੀ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਸ਼ੂਟਿੰਗ ਸੀ। ਕਿਸੇ ਵੀ ਮਸ਼ਕੂਕ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

# ਫਰਸਟ ਨੇਸ਼ਨਜ਼ ਦੇ ਬੱਚਿਆਂ ਖਿਲਾਫ ਜਾਰੀ ਕਾਨੂੰਨੀ ਜੰਗ ਖ਼ਤਮ ਕਰੇ ਫੈਡਰਲ ਸਰਕਾਰ : ਜਗਮੀਤ ਸਿੰਘ

...ਪੰਨਾ 1 ਦਾ ਬਾਕੀ

ਕਿਉਂਕਿ ਇਨ੍ਹਾਂ ਨਾਲ ਮੂਲਵਾਸੀ ਬੱਚਿਆਂ ਨੂੰ ਮਿਲਣ ਵਾਲੇ ਇਨਸਾਫ ਪ੍ਰਤੀ ਪਹੁੰਚ ਗਲਤ ਲੱਗਦੀ ਹੈ। ਇਹ ਮੰਗ ਉਸ ਸਮੇਂ ਆਈ ਹੈ ਜਦੋਂ ਕੈਮਲੂਪਸ, ਬੀਸੀ ਦੇ ਇੱਕ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਵਿੱਚ ਇੱਕ ਸਾਂਝੀ ਕਬਰ ਤੋਂ 215 ਮੂਲਵਾਸੀ ਬੱਚਿਆਂ ਦੇ ਪਿੰਜਰ ਮਿਲੇ ਹਨ।

ਜਗਮੀਤ ਸਿੰਘ ਨੇ ਆਖਿਆ ਕਿ ਇਸ ਸਮੇਂ ਫੋਕੀ ਹਮਦਰਦੀ ਕਾਫੀ ਨਹੀਂ ਹੈ ਸਗੋਂ ਠੋਸ ਕਾਰਵਾਈ ਦੀ ਲੋੜ ਹੈ। ਉਨ੍ਹਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਢੋਂਗ ਕਰਨ ਦਾ ਦੋਸ਼ ਲਾਉਂਦਿਆਂ ਆਖਿਆ ਕਿ ਇੱਕ ਪਾਸੇ ਤਾਂ ਟਰੂਡੋ ਮੂਲਵਾਸੀ ਕਮਿਊਨਿਟੀਜ਼ ਨਾਲ ਹਮਦਰਦੀ ਜਤਾਉਂਦੇ ਹਨ ਤੇ ਦੂਜੇ ਪਾਸੇ ਅਦਾਲਤ ਵਿੱਚ ਉਨ੍ਹਾਂ ਨਾਲ ਲੜਦੇ ਹਨ। ਜ਼ਿਕਰਯੋਗ ਹੈ ਕਿ ਕੈਨੇਡੀਅਨ ਹਿਊਮਨ ਰਾਈਟਸ ਟ੍ਰਿਬਿਊਨਲ ਵੱਲੋਂ ਫੈਡਰਲ ਸਰਕਾਰ ਨੂੰ ਇਹ ਹੁਕਮ ਦਿੱਤੇ ਗਏ ਸਨ ਕਿ ਉਹ ਆਪਣੇ ਪਰਿਵਾਰਾਂ ਤੋਂ ਜੁਦਾ ਹੋ ਚੁੱਕੇ 50,000 ਫਰਸਟ ਨੇਸ਼ਨਜ਼ ਬੱਚਿਆਂ ਲਈ 40,000 ਡਾਲਰ ਪ੍ਰਤੀ ਬੱਚੇ ਦੇ ਹਿਸਾਬ ਨਾਲ ਮੁਆਵਜ਼ਾ ਦੇਵੇ। ਪਰ ਇਸ ਫੈਸਲੇ ਦੇ ਖਿਲਾਫ ਲਿਬਰਲ ਸਰਕਾਰ ਨੇ ਅਪੀਲ ਕੀਤੀ ਹੋਈ ਹੈ।

ਇਸ ਤੋਂ ਇਲਾਵਾ ਟ੍ਰਿਬਿਊਨਲ ਦੇ ਇੱਕ ਹੋਰ ਫੈਸਲੇ ਖਿਲਾਫ ਵੀ ਫੈਡਰਲ ਸਰਕਾਰ ਨੇ ਅਪੀਲ ਕੀਤੀ ਹੋਈ ਹੈ ਜਿਸ ਵਿੱਚ ਜੌਰਡਨਜ਼ ਪ੍ਰਿੰਸੀਪਲ ਨੂੰ ਲਾਗੂ ਕਰਨ ਦੇ ਦਾਇਰੇ ਨੂੰ ਵਧਾ ਦਿੱਤਾ ਗਿਆ ਸੀ। ਇਸ ਫੈਸਲੇ ਵਿੱਚ ਆਖਿਆ ਗਿਆ ਸੀ ਕਿ ਜਦੋਂ ਸਰਕਾਰਾਂ ਵਿੱਚ ਇਸ ਗੱਲ ਨੂੰ ਲੈ ਕੇ ਅਸਹਿਮਤੀ ਹੋਵੇ ਕਿ ਫਰਸਟ ਨੇਸ਼ਨਜ਼ ਚਿਲਡਰਨ ਨੂੰ ਸੇਵਾਵਾਂ ਕੌਣ ਮੁਹੱਈਆ ਕਰਵਾਏਗਾ ਤਾਂ ਉਨ੍ਹਾਂ ਨੂੰ ਸੱਭ ਤੋਂ ਪਹਿਲਾਂ ਲੋੜਵੰਦ ਬੱਚੇ ਦੀ ਮਦਦ ਕਰਨੀ ਚਾਹੀਦੀ ਹੈ ਤੇ ਫਿਰ ਬਾਅਦ ਵਿੱਚ ਬਿੱਲਜ਼ ਬਾਰੇ ਬਹਿਸ ਕਰਨੀ ਚਾਹੀਦੀ ਹੈ।

ਇਸ ਤੋਂ ਇਲਾਵਾ ਜਗਮੀਤ ਸਿੰਘ ਵੱਲੋਂ ਇਹ ਮੰਗ ਵੀ ਕੀਤੀ ਗਈ ਹੈ ਕਿ ਸਰਕਾਰ ਟਰੁੱਥ ਐਂਡ ਰੀਕੌਂਸੀਲਿਏਸ਼ਨ ਕਮਿਸ਼ਨ ਵੱਲੋਂ ਇਸ ਸਬੰਧ ਵਿੱਚ ਕਾਰਵਾਈ ਕਰਨ ਦੇ ਸੁਣਾਏ ਗਏ ਫੈਸਲੇ ਉੱਤੇ ਅਮਲ ਕਰੇ ਤੇ ਉਸ ਫੈਸਲੇ ਨੂੰ ਲਾਗੂ ਕਰੇ। ਇਸ ਸਬੰਧ ਵਿੱਚ ਜਗਮੀਤ ਸਿੰਘ ਨੇ 10 ਦਿਨ ਦੇ ਅੰਦਰ ਅੰਦਰ ਰਿਪੋਰਟ ਮੰਗੀ ਹੈ।

# ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਮਰਨ ਵਾਲੇ ਬੱਚਿਆਂ ਦੀ ਭਾਲ ਲਈ 27 ਮਿਲੀਅਨ ਡਾਲਰ ਮੁਹੱਈਆ ਕਰਾਵੇਗੀ ਫੈਡਰਲ ਸਰਕਾਰ



ਓਟਵਾ, 3 ਜੂਨ (ਪੋਸਟ ਬਿਊਰੋ) : ਕ੍ਰਾਊਨ-ਇੰਡੀਜੀਨਸ ਮੰਤਰੀ ਕੈਰੋਲਿਨ ਬੈਨੇਟ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਰੈਜ਼ੀਡੈਂਸ਼ੀਅਲ ਸਕੂਲਜ਼ ਵਿੱਚ ਮਰੇ ਮੂਲਵਾਸੀ ਬੱਚਿਆਂ ਦੀਆਂ ਹੋਰ ਕਬਰਾਂ ਲੱਭਣ ਤੇ ਉਨ੍ਹਾਂ ਦੀਆਂ ਯਾਦਗਾਰਾਂ ਬਣਾਉਣ ਲਈ ਫੈਡਰਲ ਸਰਕਾਰ 27 ਮਿਲੀਅਨ ਡਾਲਰ ਦੀ ਰਕਮ ਇੰਡੀਜੀਨਸ ਕਮਿਊਨਿਟੀਜ਼ ਵਿੱਚ ਵੰਡਣ ਲਈ ਤਿਆਰ ਹੈ।

ਬੈਨੇਟ ਨੇ ਆਖਿਆ ਕਿ ਜਿਹੜੇ ਫਰਸਟ ਨੇਸ਼ਨਜ਼ ਕਬਰਾਂ ਦੀ ਭਾਲ ਕਰਵਾਉਣੀ ਚਾਹੁੰਦੇ ਹਨ ਤੇ ਯਾਦਗਾਰਾਂ ਬਣਾਉਣੀਆਂ ਚਾਹੁੰਦੇ ਹਨ ਉਨ੍ਹਾਂ ਨੂੰ ਇਹ ਜਾਣਕਾਰੀ ਦੇ ਦਿੱਤੀ ਜਾਵੇਗੀ ਕਿ ਉਹ ਇਹ ਫੰਡ ਕਿਵੇਂ ਹਾਸਲ ਕਰ ਸਕਦੇ ਹਨ।

ਉਨ੍ਹਾਂ ਇਹ ਵੀ ਆਖਿਆ ਕਿ ਇਹ ਫੰਡ ਜਲਦ ਹੀ ਵੰਡੇ ਜਾਣਗੇ। 28 ਮਈ ਨੂੰ ਕੇਮਲੂਪਸ ਤੇ ਸੈਕਵੈਪੇਮੈਕ ਫਰਸਟ ਨੇਸ਼ਨ, ਬ੍ਰਿਟਿਸ਼ ਕੋਲੰਬੀਆ, ਨੇ ਐਲਾਨ ਕੀਤਾ ਕਿ ਜ਼ਮੀਨ ਦੇ ਹੇਠਾਂ ਕੰਮ ਕਰਨ ਵਾਲੇ ਰਡਾਰ ਦੀ ਮਦਦ ਨਾਲ ਪੁਰਾਣੇ ਕੈਮਲੂਪਸ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਦੀ ਸਾਈਟ ਤੋਂ 215 ਬੱਚਿਆਂ ਦੇ ਪਿੰਜਰ ਮਿਲੇ।

ਇਹ ਖੁਲਾਸਾ ਹੋਣ ਤੋਂ ਬਾਅਦ ਤੋਂ ਹੀ ਫਰਸਟ ਨੇਸ਼ਨ ਦੇ ਆਗੂਆਂ, ਰੈਜ਼ੀਡੈਂਸ਼ੀਅਲ ਸਕੂਲ ਸਰਵਾਈਵਰਜ਼ ਤੇ ਫੈਡਰਲ ਸਰਕਾਰ ਦੀਆਂ ਵਿਰੋਧੀ ਪਾਰਟੀਆਂ ਵੱਲੋਂ ਇਸ ਰਿਸਰਚ ਨੂੰ ਫੰਡ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਇਸ ਦੇ ਨਾਲ ਹੀ ਸਾਰੇ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲਾਂ ਦੀਆਂ ਸਾਈਟਸ ਉੱਤੇ ਇਸ ਤਰ੍ਹਾਂ ਦੀਆਂ ਗੁੰਮਨਾਮ ਕਬਰਾਂ ਲੱਭਣ ਲਈ ਖੁਦਾਈ ਕਰਵਾਉਣ ਦੀ ਵੀ ਮੰਗ ਕੀਤੀ ਜਾ ਰਹੀ ਸੀ। ਬੈਨੇਟ ਨੇ ਆਖਿਆ ਕਿ ਇੰਡੀਜੀਨਸ ਕਮਿਊਨਿਟੀਜ਼ ਇੱਕ ਤੱਟ ਤੋਂ ਦੂਜੇ ਤੱਟ ਤੱਕ ਮਦਦ ਦੀ ਮੰਗ ਕਰ ਰਹੀਆਂ ਹਨ। ਸਾਡੀ ਸਰਕਾਰ ਉਨ੍ਹਾਂ ਦੀ ਮਦਦ ਲਈ ਹਾਜ਼ਰ ਹੈ।

# ਮਹਾਂਮਾਰੀ ਤੋਂ ਪਹਿਲਾਂ ਹੀ ਮਰ ਚੁੱਕੇ ਲੋਕਾਂ ਨੂੰ ਭੇਜੇ ਗਏ 9 ਮਿਲੀਅਨ ਡਾਲਰ ਦੇ ਡਿਸਐਬਿਲਿਟੀ ਚੈੱਕ



ਓਟਵਾ, 3 ਜੂਨ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ 9 ਮਿਲੀਅਨ ਡਾਲਰ ਦੇ ਕੋਵਿਡ-19 ਡਿਸਐਬਿਲਿਟੀ ਚੈੱਕ ਅਜਿਹੇ ਲੋਕਾਂ ਦੇ ਨਾਂ ਭੇਜ ਦਿੱਤੇ ਜਿਨ੍ਹਾਂ ਦੀ ਮੌਤ ਮਹਾਂਮਾਰੀ ਤੋਂ ਪਹਿਲਾਂ ਹੋ ਚੁੱਕੀ ਸੀ।

ਕੰਜ਼ਰਵੇਟਿਵ ਐਮਪੀ ਜੇਮੀ ਸ਼ਮੇਲ ਵੱਲੋਂ ਲਿਖਤੀ ਤੌਰ ਉੱਤੇ ਪੁੱਛੇ ਸਵਾਲ ਦੇ ਜਵਾਬ ਵਿੱਚ ਹਾਊਸ ਆਫ ਕਾਮਨਜ਼ ਵਿੱਚ ਪੇਸ਼ ਕੀਤੇ ਗਏ ਨਵੇਂ ਦਸਤਾਵੇਜ਼ਾਂ ਤੋਂ ਸਾਹਮਣੇ ਆਇਆ ਕਿ 4,637 ਅਜਿਹੇ ਲੋਕਾਂ ਨੂੰ ਵੀ ਇਹ ਬੈਨੇਫਿਟ ਦੇ ਦਿੱਤੇ ਗਏ ਜਿਹੜੇ ਕੈਨੇਡਾ ਤੋਂ ਬਾਹਰ ਰਹਿੰਦੇ ਸਨ। ਜੂਨ 2020 ਵਿੱਚ ਓਟਵਾ ਨੇ ਅਪਾਹਜ ਲੋਕਾਂ ਦੀ ਮਦਦ ਲਈ 600 ਡਾਲਰ ਪ੍ਰਤੀ ਵਿਅਕਤੀ ਦੇਣ ਦਾ ਐਲਾਨ ਕੀਤਾ ਸੀ ਤਾਂ ਕਿ ਅਜਿਹੇ ਲੋਕਾਂ ਉੱਤੇ ਮਹਾਂਮਾਰੀ ਕਾਰਨ ਕੋਈ ਵਾਧੂ ਬੋਝ ਨਾ ਪਵੇ। ਇਸ ਲਈ ਅਜਿਹੇ ਕੈਨੇਡੀਅਨ ਯੋਗ ਸਨ ਜਿਨ੍ਹਾਂ ਕੋਲ 2020 ਡਿਸਐਬਿਲਿਟੀ ਟੈਕਸ ਕ੍ਰੈਡਿਟ ( ਡੀ ਟੀ ਸੀ ) ਸਰਟੀਫਿਕੇਟ ਸੀ ਤੇ ਜਿਹੜੇ ਕੈਨੇਡਾ ਪੈਨਸ਼ਨ ਪਲੈਨ ਡਿਸਐਬਿਲਿਟੀ, ਕਿਊਬਿਕ ਪੈਨਸ਼ਨ ਪਲੈਨ ਡਿਸਐਬਿਲਿਟੀ, ਜਾਂ ਵੈਟਰਨਜ਼ ਅਫੇਅਰਜ਼ ਕੈਨੇਡਾ ਵੱਲੋਂ ਚਲਾਏ ਜਾਣ ਵਾਲੇ ਡਿਸਐਬਿਲਿਟੀ ਸਪੋਰਟ ਪ੍ਰੋਗਰਾਮਜ਼ ਦੇ ਹੱਕਦਾਰ ਸਨ। ਬਿਨੈਕਾਰਾਂ ਨੂੰ ਇਸ ਬੈਨੇਫਿਟ ਲਈ ਅਪਲਾਈ ਕਰਨ ਦੀ ਲੋੜ ਨਹੀਂ ਸੀ, ਸਗੋਂ ਇਹ ਪੈਸੇ ਮੌਜੂਦਾ ਪ੍ਰੋਗਰਾਮਜ਼ ਰਾਹੀਂ ਹੀ ਉਨ੍ਹਾਂ ਤੱਕ ਪਹੁੰਚਣੇ ਸਨ। 21 ਅਪਰੈਲ ਤੱਕ 1.6 ਮਿਲੀਅਨ ਕੈਨੇਡੀਅਨਾਂ ਨੂੰ ਇਸ ਦਾ ਫਾਇਦਾ ਪਹੁੰਚਿਆ। ਇੰਪਲੌਇਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ ਨੇ ਪਾਇਆ ਕਿ ਯੋਗਤਾ ਦੀ ਜਾਂਚ ਕਰਨ ਲਈ ਭਾਵੇਂ ਡਾਟਾ ਦਾ ਵਿਸਥਾਰ ਵਿੱਚ ਮੁਲਾਂਕਣ ਤੇ ਧਿਆਨ ਨਾਲ ਵਿਸ਼ਲੇਸ਼ਣ ਕੀਤਾ ਗਿਆ ਸੀ ਪਰ ਕੁੱਝ ਮਾਮਲਿਆਂ ਵਿੱਚ ਜਾਣਕਾਰੀ ਅਪਡੇਟ ਨਹੀਂ ਸੀ। ਅਜਿਹਾ ਇਸ ਲਈ ਹੋਇਆ ਕਿਉਂਕਿ ਸਰਕਾਰ ਨੂੰ ਸਬੰਧਤ ਵਿਅਕਤੀ ਦੀ ਅਪਡੇਟ ਕੀਤੀ ਗਈ ਨਿਜੀ ਜਾਣਕਾਰੀ ਹਾਸਲ ਨਹੀਂ ਹੋਈ ਤੇ ਜਾਂ ਫਿਰ ਟੈਕਸ ਫਾਈਲ ਕਰਨ ਵਿੱਚ ਹੋਈ ਦੇਰ ਕਾਰਨ ਇਹ ਸੰਭਵ ਨਹੀਂ ਹੋ ਸਕਿਆ।

15409 ਅਦਾਇਗੀਆਂ ਡੀ ਟੀ ਐਸ ਰਾਹੀਂ ਯੋਗ ਲੋਕਾਂ ਨੂੰ ਕੀਤੀਆਂ ਗਈਆਂ ਤੇ ਵੈਟਰਨ ਅਫੇਅਰਜ਼ ਕੈਨੇਡਾ ਤਹਿਤ ਚਲਾਏ ਜਾਣ ਵਾਲੇ ਇੱਕ ਪ੍ਰੋਗਰਾਮ ਰਾਹੀਂ ਵੀ ਅਜਿਹੀਆਂ ਅਦਾਇਗੀਆਂ ਕੀਤੀਆਂ ਗਈਆਂ ਪਰ ਇਨ੍ਹਾਂ ਲੋਕਾਂ ਦੀ ਮੌਤ ਮਹਾਂਮਾਰੀ ਤੋਂ ਪਹਿਲਾਂ ਹੀ ਹੋ ਚੁੱਕੀ ਸੀ। ਅਜਿਹੇ ਲੋਕਾਂ ਨੂੰ ਕੀਤੀਆਂ ਗਈਆਂ ਅਦਾਇਗੀਆਂ ਦਾ ਕੁੱਲ ਜੋੜ 9,208,500 ਡਾਲਰ ਬਣਦਾ ਸੀ। ਵਿਭਾਗ ਨੇ ਆਖਿਆ ਹੈ ਕਿ ਉਹ ਇਨ੍ਹਾਂ ਅਦਾਇਗੀਆਂ ਵਿੱਚ ਪਾਈਆਂ ਗਈਆਂ ਤਰੁੱਟੀਆਂ ਦਾ ਮੁਲਾਂਕਣ ਕਰੇਗਾ।

# ਬਰੈਂਪਟਨ ਵਿੱਚ ਸ਼ੱਕੀ ਹਾਲਾਤ ਵਿੱਚ ਹੋਈ ਮਹਿਲਾ ਦੀ ਮੌਤ, ਜਾਂਚ ਜਾਰੀ

ਬਰੈਂਪਟਨ, 3 ਜੂਨ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਬਰੈਂਪਟਨ ਵਿੱਚ ਸ਼ੱਕੀ ਹਾਲਾਤ ਵਿੱਚ ਇੱਕ ਮਹਿਲਾ ਦੀ ਹੋਈ ਮੌਤ ਦੇ ਮਾਮਲੇ ਦੀ ਪੀਲ ਪੁਲਿਸ ਹੋਮੀਸਾਈਡ ਐਂਡ ਮਿਸਿੰਗ ਪਰਸਨਜ਼ ਬਿਊਰੋ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਡਿਕਸੀ ਰੋਡ ਤੇ ਕੰਟਰੀ ਡਰਾਈਵ ਨੇੜੇ ਟੈਂਪਲਹਿੱਲ ਰੋਡ ਤੇ ਰੌਸ ਡਰਾਈਵ ਇਲਾਕੇ ਵਿੱਚ ਵਾਪਰੀ ਇਸ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਰਾਤੀਂ 9:00 ਵਜੇ ਦੇ ਨੇੜੇ ਤੇੜੇ ਪੁਲਿਸ ਇੱਥੇ ਪਹੁੰਚੀ। ਪੁਲਿਸ ਅਧਿਕਾਰੀਆਂ ਨੂੰ ਇੱਕ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੀ ਤੇ ਉਸ ਦੀ ਹਾਲਤ ਕਾਫੀ ਨਾਜ਼ੁਕ ਸੀ। ਉਸ ਨੂੰ ਥੋੜ੍ਹੀ ਦੇਰ ਬਾਅਦ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਕਾਂਸਟੇਬਲ ਅਖਿਲ ਮੂਕਨ ਨੇ ਆਖਿਆ ਕਿ ਇਲਾਕੇ ਦਾ ਕਾਫੀ ਹਿੱਸਾ ਬੰਦ ਕਰ ਦਿੱਤਾ ਗਿਆ ਹੈ। ਇੱਕ ਵਾਰੀ ਤਾਂ ਹਾਈਵੇਅ 410 ਨੂੰ ਵੀ ਦੋਵਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ ਸੀ ਪਰ ਫਿਰ ਉਸ ਨੂੰ ਖੋਲ੍ਹ ਦਿੱਤਾ ਗਿਆ।

# ਸਕਾਰਬੌਰੋ ਦੇ ਟਾਊਨਹਾਊਸ ’ਚ ਲੱਗੀ ਅੱਗ, ਨੁਕਸਾਨ ਤੋਂ ਰਿਹਾ ਬਚਾਅ



ਸਕਾਰਬੌਰੋ, 3 ਜੂਨ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਸਕਾਰਬੌਰੋ ਦੇ ਟਾਊਨਹਾਊਸਿਜ਼ ਵਿੱਚੋਂ ਇੱਕ ਘਰ ਨੂੰ ਲੱਗੀ ਜ਼ਬਰਦਸਤ ਅੱਗ ਉੱਤੇ ਫੌਰੀ ਕਾਬੂ ਪਾ ਲਏ ਜਾਣ ਨਾਲ ਵੱਡਾ ਹਾਦਸਾ ਹੋਣ ਤੋਂ ਬਚ ਗਿਆ।

ਇਸ ਇਲਾਕੇ ਵਿੱਚ ਕਈ ਘਰਾਂ ਨੂੰ ਅੱਗ ਲੱਗ ਜਾਣ ਦੀ ਰਿਪੋਰਟ ਮਿਲਣ ਤੋਂ ਬਾਅਦ 11:00 ਵਜੇ ਐਮਰਜੰਸੀ ਸੇਵਾਵਾਂ ਸ਼ੈਪਰਡ ਐਵਨਿਊ ਈਸਟ ਐਂਡ ਈਕੋਪਾਰਕ ਗੇਟ ਪਹੁੰਚੀਆਂ। 17 ਈਕੋਪਾਰਕ ਗੇਟ ਉੱਤੇ ਸਥਿਤ ਇੱਕ ਘਰ ਵਿੱਚੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਵੇਖੀਆਂ ਗਈਆਂ। ਇਸ ਘਰ ਵਿੱਚੋਂ ਤੇ ਇਸ ਦੇ ਆਲੇ ਦੁਆਲੇ ਵਾਲੇ ਘਰਾਂ ਵਿੱਚੋਂ ਲੋਕਾਂ ਨੂੰ ਪਹਿਲਾਂ ਹੀ ਬਾਹਰ ਕੱਢ ਲਿਆ ਗਿਆ। ਫਾਇਰਫਾਈਟਰਜ਼ ਨੇ 45 ਮਿੰਟ ਵਿੱਚ ਹੀ ਅੱਗ ਉੱਤੇ ਕਾਬੂ ਪਾ ਲਿਆ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ ਤੇ ਨਾ ਹੀ ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਦਾ ਹੀ ਪਤਾ ਲੱਗ ਸਕਿਆ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799* upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AABODYSHOP.ca
mcheemaaaa@hotmail.com

## ਅੱਜ ਨਾਮਾ

ਸੁਖਪਾਲ ਖਹਿਰੇ ਨੇ ਛਾਲ ਹੈ ਫੇਰ ਮਾਰੀ,
ਤੀਸਰੀ, ਚੌਥੀ ਕਿ ਪੰਜਵੀਂ ਵਾਰ ਮੀਆਂ।
ਸਿਰਫ ਬੰਦੇ ਦੋ ਗਏ ਹਨ ਨਾਲ ਉਸ ਦੇ,
ਦਿੱਸੇ ਬਾਕੀ ਦੇ ਨਾਲ ਨਹੀਂ ਯਾਰ ਮੀਆਂ।
ਅੱਜ ਹੋਇਆ ਹੈ ਕਾਂਗਰਸ ਵਿੱਚ ਸ਼ਾਮਲ,
ਕਰਦਾ ਕੱਲ੍ਹ ਸੀ ਪਿਆ ਇਨਕਾਰ ਮੀਆਂ।
ਕੋਈ ਨਹੀਂ ਜਾਣਦਾ ਮੁੱਕੀ ਹੈ ਗੱਲ ਕਿੱਥੇ,
ਲੀਡਰ ਪਿਆ ਸੀ ਕੌਣ ਵਿਚਕਾਰ ਮੀਆਂ।
ਭਟਕਦੀ ਰੂਹ ਦੇ ਵਾਂਗ ਵਿਹਾਰ ਰਹਿੰਦਾ,
ਏਧਰ-ਓਧਰ ਨੂੰ ਛਾਲ ਤਾਂ ਲਾਏ ਮੀਆਂ।
ਜਿੱਧਰ ਚੱਲਿਆ ਓਥੇ ਵੀ ਟਿਕੇਗਾ ਉਹ,
ਇਹ ਵੀ ਅਜੇ ਯਕੀਨ ਨਾ ਆਏ ਮੀਆਂ।

**ਤੀਸ ਮਾਰ ਖਾਂ**

# ਸੰਯੁਕਤ ਕਿਸਾਨ ਮੋਰਚੇ ਵੱਲੋਂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਇੱਕ ਹਫ਼ਤੇ ਲਈ ਸਸਪੈਂਡ

ਨਵੀਂ ਦਿੱਲੀ, 3 ਜੂਨ, (ਪੋਸਟ ਬਿਊਰੋ)- ਕਿਸਾਨ ਅੰਦੋਲਨਵਿਚਲੇਸੂਤਰਾਂਮੁਤਾਬਕ ਮੋਰਚੇ ਨੇ ਕਾਮਰੇਡ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੂੰ ਇੱਕ ਹਫ਼ਤੇ ਵਾਸਤੇ ਸਸਪੈਂਡ ਕਰ ਦਿੱਤਾ ਗਿਆ ਹੈ।ਕਿਹਾ ਜਾ ਰਿਹਾ ਹੈ ਕਿ ਰਜਿੰਦਰ ਦੀਪ ਸਿੰਘ ਵਾਲਾ ਬੀਤੇ ਦੋ ਦਿਨਾਂ ਤੋਂ ਸਸਪੈਂਡ ਹਨ, ਪਰ ਇਸ ਦਾ ਜ਼ਿਕਰ ਕਿਸਾਨ ਆਗੂਆਂ ਨੇ ਬਾਹਰ ਨਹੀਂ ਕੀਤਾ।

ਜਾਣਕਾਰ ਸੂਤਰਾਂਮੁਤਾਬਕ ਪਿਛਲੇ ਦਿਨੀਂ ਕਿਸਾਨ ਜਥੇਬੰਦੀਆਂ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਦੋਬਾਰਾਂਗੱਲਬਾਤਸ਼ੁਰੂ ਕਰਨ ਵਾਸਤੇ ਜਦੋਂ ਪੱਤਰ ਲਿਖਿਆ ਗਿਆ ਤਾਂ ਸਾਰੀਆਂ ਜਥੇਬੰਦੀਆਂ ਇਸ ਨਾਲ ਸਹਿਮਤ ਨਹੀਂ ਸਨ। ਕੁਝ ਕਿਸਾਨ ਆਗੂਆਂ ਨੂੰ ਲੱਗਦਾ ਸੀ ਕਿ ਪੱਤਰ ਲਿਖਣ ਨਾਲ ਅੰਦੋਲਨਕਾਰੀਆਂ ਦੇ ਸਨਮਾਨ ਨੂੰ ਸੱਟ ਲੱਗੇਗੀ, ਇਸ ਲਈ ਉਹ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਣ ਦੇ ਹੱਕ ਵਿੱਚ ਨਹੀਂ ਸਨ। ਇਸ ਦੇ ਬਾਵਜੂਦ ਪੱਤਰ ਲਿਖਣਪਿੱਛੋਂ ਫ਼ੈਸਲਾ ਸੀ ਕਿ ਕੋਈ ਕਿਸਾਨ ਆਗੂ ਮੋਰਚਾ ਕਮੇਟੀ ਤੋਂ ਬਾਹਰ ਨਹੀਂ ਕਹੇਗਾ ਕਿ ਕੁਝ ਆਗੂਆਂ ਦੀ ਅਸਹਿਮਤੀ ਦੇ ਬਾਵਜੂਦਪੱਤਰ ਲਿਖਿਆ ਹੈ, ਪਰ ਕੁਝ ਦਿਨ ਪਹਿਲਾਂ ਰਾਜਿੰਦਰ ਦੀਪ ਸਿੰਘ ਵਾਲਾ ਨੇ ਇਹ ਗੱਲ ਇਕ ਮੀਡੀਆ ਚੈਨਲ ਨਾਲ ਕਰ ਦਿੱਤੀ ਸੀ, ਜਿਸ ਕਾਰਨ ਸੰਯੁਕਤ ਕਿਸਾਨ ਮੋਰਚੇ ਨੇ ਉਸ ਨੂੰ ਅਨੁਸ਼ਾਸਨਹੀਣਤਾ ਦੇ ਦੋਸ਼ ਹੇਠ



ਇਕ ਹਫ਼ਤੇ ਲਈ ਸਸਪੈਂਡ ਕਰ ਦਿੱਤਾ ਹੈ।

ਇਸ ਕਾਰਵਾਈ ਬਾਰੇ ਰਾਜਿੰਦਰ ਦੀਪ ਸਿੰਘ ਵਾਲਾ ਦਾ ਕਹਿਣਾ ਹੈ ਕਿ ਉਹ ਕਰੀਬ ਇਕ ਹਫ਼ਤੇ ਤੋਂ ਪੰਜਾਬ ਵਿੱਚ ਲੋਕਾਂ ਨੂੰ ਅੰਦੋਲਨ ਵਿੱਚ ਜਾਣ ਲਈ ਪ੍ਰੇਰਿਤ ਕਰਨ ਲਈ ਪਿੰਡ-ਪਿੰਡ ਬੈਠਕਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ-ਪਤਾ ਉਨ੍ਹਾਂ ਨੂੰ ਸੋਸ਼ਲ ਮੀਡੀਏਤੋਂ ਪਤਾ ਲੱਗਾ ਹੈ, ਪਰ ਨਿੱਜੀ ਤੌਰ ਉੱਤੇ ਉਨ੍ਹਾਂ ਨੂੰ ਦੱਸਿਆ ਨਹੀਂ ਗਿਆ।ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਕੀ ਰਾਜਿੰਦਰ ਦੀਪ ਸਿੰਘ ਵਾਲਾ ਨੂੰ ਸਸਪੈਂਡ ਨਹੀਂ ਕੀਤਾ ਗਿਆ, ਪਰ ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਕੋਈ ਟਿਪਣੀ ਨਹੀਂ ਕਰਨਾ ਚਾਹੁੰਦੇ।ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਰਾਜਿੰਦਰ ਦੀਪ ਸਿੰਘ ਵਾਲਾ ਬਾਰੇਕਾਰਵਾਈ ਉੱਤੇ ਕਿਸਾਨ ਆਗੂਆਂ ਨੇ ਪੂਰੀ ਚੁੱਪ ਰੱਖਣ ਦੀ ਵੀ ਸਹਿਮਤੀ ਬਣਾ ਰੱਖੀ ਹੈ।

# ਹੋਟਲ ਕੁਆਰਨਟੀਨ ਤੋਂ ਇਨਕਾਰ ਕਰਨ ਵਾਲੇ ਟਰੈਵਲਰਜ਼ ਉੱਤੇ ਲਾਇਆ ਜਾਵੇਗਾ ਭਾਰੀ ਜੁਰਮਾਨਾ

...ਪੰਨਾ 1 ਦਾ ਬਾਕੀ

ਕੁੱਝ ਟਰੈਵਲਰਜ਼ ਨੇ ਕੁਆਰਨਟੀਨ ਪ੍ਰਕਿਰਿਆ ਵਿੱਚ ਪੈਣ ਦੀ ਥਾਂ 3000 ਡਾਲਰ ਦੇਣ ਨੂੰ ਤਰਜੀਹ ਦਿੱਤੀ। ਕੁਆਰਨਟੀਨ ਪ੍ਰਕਿਰਿਆ ਤਹਿਤ ਏਅਰਪੋਰਟ ਉੱਤੇ ਕੋਵਿਡ-19 ਟੈਸਟ ਕਰਵਾਉਣਾ ਤੇ ਫਿਰ 72 ਘੰਟਿਆਂ ਲਈ ਹੋਟਲ ਵਿੱਚ ਰਹਿ ਕੇ ਨਤੀਜੇ ਦੀ ਉਡੀਕ ਕਰਨ ਦੇ ਨਾਲ ਨਾਲ ਹੋਟਲ ਵਿੱਚ ਠਹਿਰਣ ਲਈ ਆਪਣੇ ਪੱਲਿਓਂ 2000 ਡਾਲਰ ਦੇਣਾ ਸ਼ਾਮਲ ਹੈ।

ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ ਹੋਟਲ ਵਿੱਚ ਕੁਆਰਨਟੀਨ ਕਰਨ ਤੋਂ ਇਨਕਾਰ ਕਰਨ ਵਾਲਿਆਂ ਉੱਤੇ 22 ਫਰਵਰੀ ਤੋਂ 7 ਮਈ ਤੱਕ 798 ਜੁਰਮਾਨੇ ਲਾਏ ਗਏ। ਇਨ੍ਹਾਂ ਵਿੱਚੋਂ ਓਨਟਾਰੀਓ ਵਿੱਚ 606 ਜੁਰਮਾਨੇ ਤੇ ਬ੍ਰਿਟਿਸ਼ ਕੋਲੰਬੀਆ ਵਿੱਚ 192 ਜੁਰਮਾਨੇ ਲਾਏ ਗਏ। ਕਿਊਬਿਕ ਜਾਂ ਅਲਬਰਟਾ ਵਿੱਚ ਜਾਰੀ ਕੀਤੇ ਗਏ ਜੁਰਮਾਨਿਆਂ ਦਾ ਅਜੇ ਕੋਈ ਰਿਕਾਰਡ ਨਹੀਂ ਹੈ। ਇਨ੍ਹਾਂ ਦੋਵਾਂ ਪ੍ਰੋਵਿੰਸਾਂ ਵਿੱਚ ਅਜੇ ਵੀ ਕੌਮਾਂਤਰੀ ਉਡਾਨਾਂ ਨੂੰ ਲੈਂਡ ਕਰਨ ਦੀ ਇਜਾਜ਼ਤ ਹੈ।

# ਸਮਾਜਵਾਦੀ ਐੱਮ ਪੀਜ਼ ਦਾ ਬਿਆਨ: ਅੱਲ੍ਹਾ ਦੇ ਸਾਹਮਣੇ ਮੁਆਫੀ ਮੰਗਣ ਨਾਲ ਹੀ ਕੋਰੋਨਾ ਖਤਮ ਹੋਵੇਗਾ


ਸੰਭਲ, ਉੱਤਰ ਪ੍ਰਦੇਸ਼, 3 ਜੂਨ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਤੋਂ ਸਮਾਜਵਾਦੀ ਪਾਰਲੀਮੈਂਟ ਮੈਂਬਰ ਐਸਟੀ ਹਸਨ ਦੇ ਵਿਵਾਦਤ ਬਿਆਨ ਮਗਰੋਂ ਸੰਭਲਤੋਂ ਸਮਾਜਵਾਦੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਸ਼ਫੀਕੁਰ ਰਹਿਮਾਨ ਬੁਰਕੇ ਦਾ ਵਿਵਾਦਤ ਬਿਆਨ ਵੀ ਸਾਹਮਣੇ ਆ ਗਿਆ ਹੈ।

ਸਮਾਜਵਾਦੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਡਾ: ਸ਼ਫੀਕੁਰ ਰਹਿਮਾਨ ਨੇ ਕਿਹਾ:'ਕੋਰੋਨਾ ਕੋਈ ਬਿਮਾਰੀ ਨਹੀਂ, ਜੇ ਇਹ ਬਿਮਾਰੀ ਹੁੰਦੀ ਤਾਂ ਦੁਨੀਆ ਕੋਲ ਇਸ ਦਾ ਇਲਾਜ ਹੁੰਦਾ। ਇਹ ਸਰਕਾਰ ਦੀਆਂ ਗਲਤੀਆਂ ਕਾਰਨ ਆਈ ਹੈ, ਜੋ ਅੱਲ੍ਹਾ ਅੱਗੇ ਇਬਾਦਤ ਕਰਕੇ ਅਤੇ ਮੁਆਫੀ ਮੰਗਣ ਨਾਲ ਖ਼ਤਮ ਹੋਵੇਗੀ।' ਸਮਾਜਵਾਈਪਾਰਲੀਮੈਂਟ ਮੈਂਬਰ ਨੇ ਭਾਜਪਾ ਸਰਕਾਰ ਉੱਤੇ ਗੰਭੀਰ ਦੋਸ਼ ਲਾਇਆ ਕਿ ਇਸ ਨੇ ਸ਼ਰੀਅਤ ਨਾਲ ਛੇੜਛਾੜ ਕੀਤੀ ਤੇ ਆਪਣੇ ਰਾਜਦੌਰਾਨ ਲੜਕੀਆਂ ਦੇ ਨਾਲ ਬਲਾਤਕਾਰ ਕਰਾਇਆ, ਮਾਬਲਿੰਚਿਗ ਤੇ ਹੋਰ ਜ਼ੁਲਮ ਕੀਤੇ ਹਨ, ਜਿਸ ਕਾਰਨ ਕੋਰੋਨਾ ਦੀ ਬਿਪਤਾ ਆਈ ਹੈ। ਉੱਤਰ ਪ੍ਰਦੇਸ਼ ਦੇ ਸੰਭਲ ਤੋਂ ਸਮਾਜਵਾਦੀ ਪਾਰਟੀ ਦੇ ਐੱਮ ਪੀਸ਼ਫੀਕੁਰ ਰਹਿਮਾਨ ਬੁਰਕੇ ਨੇ ਮੁਰਾਦਾਬਾਦ ਵਿੱਚ ਸਮਾਜਵਾਦੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਐਸ ਟੀ ਹਸਨ ਦੇ ਵਿਵਾਦਤ ਬਿਆਨ ਪਿੱਛੋਂ ਇਹ ਵਿਵਾਦਤ ਬਿਆਨ ਦਿੱਤਾ ਹੈ। ਮੁਰਾਦਾਬਾਦ ਵਿਚ ਸਮਾਜਵਾਦੀਪਾਰਲੀਮੈਂਟ ਮੈਂਬਰ ਐਸ ਟੀ ਹਸਨ ਨੇ ਕਿਹਾ ਸੀ ਕਿ ਭਾਜਪਾ ਸਰਕਾਰ ਨੇ ਆਪਣੇ 7 ਸਾਲਾ ਰਾਜ ਵਿਚ ਸ਼ਰੀਅਤ ਨਾਲ ਜਿੰਨੀ ਛੇੜਛਾੜ ਕੀਤੀ, ਇਸ ਨਾਲ ਕੋਰੋਨਾ ਬਿਮਾਰੀ ਤੇ ਤੂਫਾਨ ਵਰਗੀਆਂ ਤਬਾਹੀਆਂ ਆ ਰਹੀਆਂ ਹਨ।ਪਾਰਲੀਮੈਂਟ ਮੈਂਬਰ ਡਾ: ਸ਼ਫੀਕੁਰ ਰਹਿਮਾਨ ਬੁਰਕੇ ਨੇ ਕਿਹਾ ਕਿ ਉਨ੍ਹਾਂ ਪਿਛਲੇ ਸਾਲ ਹੀ ਕਿਹਾ ਸੀ ਕਿ ਕੋਰੋਨਾ ਬਿਮਾਰੀ ਨਹੀਂ, ਜੇ ਬਿਮਾਰੀ ਹੁੰਦੀ, ਤਾਂ ਦੁਨੀਆ ਵਿਚ ਇਸਦਾ ਇਲਾਜ਼ ਹੁੰਦਾ। ਇਹ ਸਰਕਾਰ ਦੀਆਂ ਗਲਤੀਆਂ ਨਾਲ ਆਇਆ ਹੈ, ਜਿਸ ਨੂੰ ਅੱਲ੍ਹਾ ਅੱਗੇ ਅਰਦਾਸ ਅਤੇ ਗਲਤੀਆਂ ਲਈ ਮੁਆਫ਼ੀ ਮੰਗ ਕੇ ਖਤਮ ਕੀਤਾ ਜਾ ਸਕਦਾ ਹੈ।

# ਰਾਮ ਰਹੀਮ ਦੀ ਸਿਹਤ ਵਿਗੜਨ ਉੱਤੇ ਜੇਲ੍ਹ ਵਿੱਚੋਂ ਪੀ ਜੀ ਆਈ ਵਿੱਚ ਲਿਆਂਦਾ ਗਿਆ

ਰੋਹਤਕ, 3 ਜੂਨ, (ਪੋਸਟ ਬਿਊਰੋ)- ਹਰਿਆਣਾ ਦੇ ਰੋਹਤਕ ਜ਼ਿਲੇ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਸਿਹਤ ਖ਼ਰਾਬ ਹੋਣ ਕਾਰਨ ਉਸਨੂੰ ਅੱਜ ਵੀਰਵਾਰ ਪੀ ਜੀ ਆਈ ਰੋਹਤਕ ਵਿੱਚ ਦਾਖਲ ਕਰਾਇਆ ਗਿਆ। ਉਸ ਨੂੰ ਪੇਟ ਦਰਦ ਦੀ ਸ਼ਿਕਾਇਤ ਉੱਤੇਪੀ ਜੀ ਆਈਲਿਆਂਦਾ ਗਿਆ ਸੀ।

ਮਿਲੀ ਜਾਣਕਾਰੀ ਅਨੁਸਾਰ ਰਾਮ ਰਹੀਮ ਨੂੰ ਵੀਰਵਾਰ ਸਵੇਰੇ ਕਰੀਬ ਸੱਤ ਵਜੇ ਸਖ਼ਤ ਸੁਰੱਖਿਆ ਹੇਠ ਜੇਲ੍ਹ ਤੋਂ ਪੀ ਜੀ ਆਈ ਲਿਆਂਦਾ ਗਿਆ ਅਤੇ ਸ਼ਾਮ ਨੂੰ ਜੇਲ੍ਹ ਭੇਜ ਦਿੱਤਾ ਗਿਆ। ਇਸ ਤੋਂ ਪਹਿਲਾਂ 12 ਮਈ ਨੂੰਬਲੱਡ ਪ੍ਰੈਸ਼ਰ ਦੀ ਸਮੱਸਿਆ ਕਾਰਨ ਉਸ ਨੂੰ ਹਸਪਤਾਲਲਿਆਂਦਾ ਗਿਆ ਸੀ। ਜਾਣਕਾਰ ਸੂਤਰਾਂ ਨੇ ਦੱਸਿਆ ਕਿਰਾਮ ਰਹੀਮ ਨੇ ਇਸ ਵਾਰ ਕੋਵਿਡ ਜਾਂਚ ਦੀ ਸਹਿਮਤੀ ਦੇ ਦਿੱਤੀ ਸੀ। ਪਿਛਲੀ ਵਾਰ ਉਸਨੇ ਕੋਵਿਡ ਟੈਸਟ ਤੋਂ ਨਾਂਹ ਕਰ ਦਿੱਤੀ ਸੀ। ਰਾਮ ਰਹੀਮ ਦਾ ਸੀਟੀ ਸਕੈਨ ਕੀਤਾ ਗਿਆ ਅਤੇ ਪੇਟ ਤੇ ਦਿਲ ਦੀ ਜਾਂਚ ਕੀਤੀ ਗਈ।ਇਸ ਵੇਲੇ ਉਸ ਦੀ ਸਿਹਤ ਆਮ ਵਰਗੀ ਹੈ ਅਤੇ ਉਸਨੂੰ ਵਾਪਸ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ 12 ਮਈ



ਨੂੰ ਰਾਮ ਰਹੀਮ ਨੂੰ ਕੋਰੋਨਾ ਦੇ ਡਰ ਕਾਰਨ ਰੋਹਤਕ ਪੀ ਜੀ ਆਈ ਵਿੱਚਲਿਆਂਦਾ ਗਿਆ ਅਤੇ ਵਿਸ਼ੇਸ਼ ਵਾਰਡ ਵਿੱਚ ਰੱਖਿਆ ਗਿਆ ਸੀ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਪੈਰੋਲ ਉੱਤੇ ਗੁਰਮੀਤ ਰਾਮ ਰਹੀਮ ਸਿੰਘ ਆਪਣੀ ਬੀਮਾਰ ਮਾਂ ਨੂੰ ਮਿਲਣ ਲਈ ਗੁਰੂਗ੍ਰਾਮ ਦੇ ਇਕ ਹਸਪਤਾਲ ਗਿਆ ਸੀ।ਉਸ ਨੇ ਆਪਣੀ ਬੀਮਾਰ ਮਾਂ ਨਸੀਬ ਕੌਰ ਨੂੰ ਮਿਲਣ ਲਈ 21 ਦਿਨ ਦੀ ਪੈਰੋਲ ਦੀ ਮੰਗ ਕੀਤੀ ਸੀ, ਪਰ ਸਿਰਫ ਇੱਕ ਦਿਨ ਲਈ ਪੈਰੋਲ ਮਿਲੀ ਸੀ। ਰਾਮ ਰਹੀਮ ਆਪਣੀਆਂ ਦੋ ਸਾਧਵੀਆਂ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ 2017 ਤੋਂ ਰੋਹਤਕ ਜੇਲ੍ਹ ਵਿਚ20 ਸਾਲ ਕੈਦ ਦੀ ਸਜ਼ਾ ਕੱਟ ਰਿਹਾ ਹੈ।

# ਭਾਜਪਾ ਐੱਮ ਪੀ ਗੌਤਮ ਗੰਭੀਰ ਦੀ ਫਾਊਂਡੇਸ਼ਨ ਨੂੰ ਡਰੱਗ ਕੰਟਰੋਲਰ ਨੇ ਦੋਸ਼ੀ ਮੰਨਿਆ

ਨਵੀਂ ਦਿੱਲੀ, 3 ਜੂਨ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਦੌਰਾਨ ਦਵਾਈਆਂ ਤੇ ਆਕਸੀਜਨ ਸਿਲੰਡਰ ਜਮ੍ਹਾਂ ਕਰਨ ਦੇ ਕੇਸ ਵਿਚਰਿਪੋਰਟ ਮਿਲਣ ਪਿੱਛੋਂ ਦਿੱਲੀ ਹਾਈ ਕੋਰਟ ਦਾ ਰੁਖ ਹੋਰ ਸਖਤ ਹੋ ਗਿਆ ਹੈ।

ਇਸ ਬਾਰੇ ਅੱਜ ਡਰੱਗ ਕੰਟਰੋਲਰ ਨੇ ਹਾਈ ਕੋਰਟ ਵਿੱਚ ਰਿਪੋਰਟ ਪੇਸ਼ ਕਰਦੇ ਸਮੇਂ ਭਾਜਪਾ ਪਾਰਲੀਮੈਂਟ ਮੈਂਬਰ ਗੌਤਮ ਗੰਭੀਰ ਦੀ ਫਾਊਂਡੇਸ਼ਨ ਨੂੰ ਦੋਸ਼ੀ ਦੱਸਿਆ ਹੈ।ਡਰੱਗ ਕੰਟਰੋਲਰ ਨੇਦੱਸਿਆਹੈ ਕਿ ਗੌਤਮ ਗੰਭੀਰ ਫਾਊਂਡੇਸ਼ਨ ਨੇ ਫੇਬੀ ਫਲੂ ਦੀਆਂ 2349 ਪੱਟੀਆਂ ਖਰੀਦੀਆਂ ਸਨ। ਕੰਟਰੋਲਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਇਸ ਕੇਸ ਵਿੱਚ ਉਸਨੇ ਗੌਤਮ ਗੰਭੀਰ ਫਾਊਂਡੇਸ਼ਨ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਹੈ ਕਿ ਉਸਨੇ ਇਹ ਦਵਾਈਆਂ ਕਿੱਥੋਂ ਖਰੀਦੀਆਂ ਸਨ ਤੇ ਕੀ ਉਸਨੇ ਇਸ ਦੇ ਲਈ ਲਾਇਸੈਂਸਿੰਗ ਅਥਾਰਟੀ ਤੋਂ ਕੋਈ ਆਗਿਆ ਲਈ ਸੀ?

ਮਿਲੀ ਸੂਚਨਾ ਅਨੁਸਾਰ ਡਰੱਗ ਕੰਟਰੋਲ ਵਿਭਾਗ ਵੱਲੋਂ ਪੇਸ਼ ਹੋਏ ਐਡਵੋਕੇਟ ਨੰਦਿਤਾ ਰਾਓ ਨੇ ਕਿਹਾ ਕਿ ਗੰਭੀਰ ਫਾਊਂਡੇਸ਼ਨ ਨੇ 120

*** ਦਿੱਲੀ ਹਾਈ ਕੋਰਟ ਵਿੱਚ ਜਾਣਕਾਰੀ ਦਿੱਤੀ ਗਈ**

ਆਕਸੀਜਨ ਸਿਲੰਡਰ ਖਰੀਦੇ ਤੇ ਅਧਿਕਾਰਤ ਡੀਲਰਾਂ ਤੋਂ ਰੀਫਿਲਿੰਗ ਕਰਵਾ ਕੇ ਡਾ. ਸਿਧਾਰਥ ਦੀ ਨਿਗਰਾਨੀ ਹੇਠ ਵੱਖ-ਵੱਖ ਲੋਕਾਂ ਨੂੰ ਵੰਡੇ ਸਨ।ਇਸਫਾਊਂਡੇਸ਼ਨ ਦੀਆਂ ਮੁਫਤ ਦਵਾਈਆਂ 1,139 ਮਰੀਜ਼ਾਂ ਨੇ ਲਈਆਂ ਸਨ।ਉਨ੍ਹਾਂ ਕਿਹਾ ਕਿ ਗੌਤਮ ਗੰਭੀਰ ਫਾਊਂਡੇਸ਼ਨ ਨੇ ਫੇਬੀ ਫਲੂ ਦਾ ਅਣ-ਅਧਿਕਾਰਤ ਸਟਾਕ ਕੀਤਾ ਪਿਆਸੀ, ਜਿਹੜਾਡਰੱਗਜ਼ ਅਤੇ ਕਾਸਮੈਟਿਕਸ ਐਕਟ ਦਾ ਜੁਰਮ ਬਣਦਾ ਹੈ ਅਤੇ ਗੌਤਮ ਗੰਭੀਰ ਫਾਊਂਡੇਸ਼ਨ ਨੇ ਇਸ ਤਰ੍ਹਾਂ ਦਵਾਈਆਂ ਨੂੰ ਸਟੋਰ ਕਰਨ ਦੇ ਨਾਲ ਕਾਸਮੈਟਿਕਸ ਐਕਟ ਦੀ ਉਲੰਘਣਾ ਕੀਤੀ ਹੈ।

ਇਸ ਮੌਕੇ ਦਿੱਲੀ ਹਾਈ ਕੋਰਟ ਨੇ ਕਿਹਾ ਕਿ ਡਰੱਗ ਕੰਟਰੋਲਰ ਇਸਕੇਸ ਦੀ ਨਹੀਂ, ਉਨ੍ਹਾਂ ਸਾਰੇ ਕੇਸਾਂ ਦੀ ਜਾਂਚ ਕਰ ਸਕਦਾ ਹੈ, ਜਿੱਥੇ ਡਰੱਗਜ਼ ਤੇ ਕਾਸਮੈਟਿਕਸ ਐਕਟ ਦੀ ਉਲੰਘਣਾ ਹੋਈ ਹੈ।ਗੰਭੀਰ ਫਾਊਂਡੇਸ਼ਨ ਨੇ ਡੀਲਰ ਤੋਂ ਇੰਨੇ ਵੱਡੇ ਪੈਮਾਨੇ ਉੱਤੇ ਇੰਨੀ ਦਵਾਈ ਕਿਵੇਂ ਖਰੀਦੀ, ਇਸ ਬਾਰੇਜੱਜ ਨੇ



ਐਡਵੋਕੇਟ ਨੰਦਿਤਾ ਰਾਓ ਨੂੰ ਕਿਹਾ:'ਤੁਸੀਂ ਡਰੱਗ ਕੰਟਰੋਲਰ ਦੇ ਵਕੀਲ ਹੋ, ਸਾਨੂੰ ਤੁਹਾਡੇ ਉੱਤੇਭਰੋਸਾ ਹੈ।'ਜੱਜਾਂ ਨੇ ਕਿਹਾ ਕਿ 'ਗੌਤਮ ਗੰਭੀਰ ਨੇ ਜਨਤਕ ਭਾਵਨਾ ਨਾਲ ਖਰੀਦ ਕੀਤੀ ਤੇ ਇਸ ਉੱਤੇਚੋਖਾ ਪੈਸਾ ਖਰਚ ਕੀਤਾ ਹੈ, ਪਰ ਕਿਸ ਕੀਮਤ ਉੱਤੇ? ਤੁਸੀਂ ਜ਼ਰੂਰ ਦਾਨ ਕੀਤਾ ਹੈ, ਪਰ ਜੇ ਤੁਸੀਂ ਦਾਨ ਕਰਨਾ ਚਾਹੁੰਦੇ ਹੋ, ਤੁਹਾਨੂੰ ਕਿਸੇ ਢੰਗ ਦਾ ਦਾਨ ਕਰਨਾ ਚਾਹੀਦਾ ਹੈ। ਅਸੀਂ ਚਾਹੁੰਦੇ ਹਾਂ ਕਿ ਡਰੱਗ ਕੰਟਰੋਲਰ ਇਸ ਦੀ ਵਰਤੋਂ ਕਰਨ ਜਾਂ ਇਸ ਦੀ ਖਰੀਦ ਉੱਤੇ ਰੋਗ ਲਾਉਣ।'

ਵਕੀਲ ਨੰਦਿਤਾ ਰਾਓ ਨੇ ਅਦਾਲਤ ਵਿਚ ਕਿਹਾ ਕਿ ਅਸੀਂ ਸਟੀਰਾਇਡ ਵੰਡਣ ਵਾਲਿਆਂ ਉੱਤੇ ਕਾਰਵਾਈ ਕਰਾਂਗੇ। ਅਦਾਲਤ ਨੇ ਕਿਹਾ ਕਿ 'ਕੁਝ ਲੋਕ ਬਲੈਕ ਮਾਰਕੀਟ ਤੋਂ ਦਵਾਈਆਂ ਲੈ ਰਹੇ ਹਨ, ਨਿਰਾਸ਼ ਹੋਣਕਰ ਕੇ ਉਨ੍ਹਾਂ ਉੱਤੇਕੇਸਅਸੀਂ ਨਹੀਂ ਚਲਾਉਣਾ ਚਾਹੁੰਦੇ। ਕੀ ਇਸ ਰਿਪੋਰਟਦਾ ਗੌਤਮ ਗੰਭੀਰ ਨੂੰਪਤਾ ਹੈ?' ਇਸ ਉੱਤੇ ਨੰਦਿਤਾ ਰਾਓ ਨੇ ਕਿਹਾ ਕਿ'ਇਹ ਗੌਤਮ ਗੰਭੀਰ, ਪ੍ਰਵੀਨ ਕੁਮਾਰ, ਵਿਧਾਇਕ ਅਤੇ ਹੋਰ ਸਾਰਿਆਂਬਾਰੇ ਹੈ।' ਇਸ ਬਾਰੇਦਿੱਲੀ ਹਾਈ ਕੋਰਟ ਨੇ ਡਰੱਗ ਕੰਟਰੋਲਰ ਨੂੰ ਇਕ ਹਫ਼ਤੇ ਵਿੱਚ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ। ਕੋਰਟ ਨੇ ਕਿਹਾ, ਸਾਡਾ ਇਰਾਦਾ ਹੈ ਕਿ ਸਾਨੂੰ ਉਨ੍ਹਾਂ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ, ਜਿਨ੍ਹਾਂ ਨੂੰ ਕੋਵਿਡ-19 ਦੀ ਮਹਾਂਮਾਰੀ ਵਿੱਚ ਆਪਣੇ ਕੋਲ ਆਕਸੀਜਨ ਅਤੇ ਦਵਾਈਆਂ ਦਾ ਵੱਡਾ ਭੰਡਾਰ ਰੱਖਿਆ ਸੀ। ਅਦਾਲਤ 29 ਜੁਲਾਈ ਨੂੰ ਕੇਸ ਦੀ ਅਗਲੀ ਸੁਣਵਾਈ ਕਰੇਗੀ।

# ਯੂ ਐੱਨ ਓ ਵਾਤਾਵਰਨ ਪ੍ਰੋਗਰਾਮ ਵੱਲੋਂ ਸੰਤ ਸੀਚੇਵਾਲ ਅਤੇ ਸੰਤ ਸੇਵਾ ਸਿੰਘ ਦਾ ਸਨਮਾਨ

ਸ਼ਾਹਕੋਟ, 3 ਜੂਨ, (ਪੋਸਟ ਬਿਊਰੋ)- ਯੂ ਐੱਨ ਓ ਦੇ ਵਾਤਾਵਰਨ ਪ੍ਰੋਗਰਾਮ ਹੇਠ ਪੰਜਾਬ ਦੇਦੋ ਵੱਡੇ ਧਾਰਮਿਕ ਸੰਤਾਂ ਬਲਬੀਰ ਸਿੰਘ ਸੀਚੇਵਾਲ ਤੇ ਸੰਤ ਸੇਵਾ ਸਿੰਘ ਖਡੂਰ ਸਾਹਿਬ ਨੂੰ ਵਾਤਾਵਰਨ ਖੇਤਰ ਵਿੱਚ ਬੇਮਿਸ-ਾਲ ਪ੍ਰਾਪਤੀਆਂ ਦੇ ਲਈ 'ਫੇਥ ਫਾਰ ਅਰਥ ਕੌਂਸਲਰ-2021' ਨਾਲ ਸਨਮਾਨਿਤ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਯੂ ਐੱਨ ਦੇ ਵਾਤਾਵਰਨ ਪ੍ਰੋਗਰਾਮ ਹੇਠ ਭਾਰਤ ਦੀਆਂ 18 ਸ਼ਖ਼ਸੀਅਤਾਂ ਤੇ ਸੰਸਥਾਵਾਂ ਨੂੰ ਸਨਮਾਨਿਤ ਕੀਤਾ ਗਿਆ।ਭਾਰਤ ਵਿੱਚ ਵਾਤਾਵਰਣ ਦੀ ਨਿੱਘ ਰਹੀ ਹਾਲਤ ਦੇ ਬਾਰੇ ਯੂ ਐੱਨ ਵਾਤਾਵਰਨ ਪ੍ਰੋਗਰਾਮ, ਸ਼੍ਰਿਸ਼ਟੀ ਤੇ ਸੰਯੁਕਤ ਧਾਰਮਿਕ ਪ੍ਰੇਰਨਾ ਨੇਇਹ ਸਾਂਝਾ ਪ੍ਰੋਗਰਾਮ ਆਨਲਾਈਨ ਕਰਾਇਆ ਸੀ। ਇਸ ਮੌਕੇ ਕਾਰਜਕਾਰੀ ਡਾਇਰੈਕਟਰ ਯੂਨਾਈਟਡ ਰਿਲੀਜਨ ਇਨੀਸ਼ੀਏਟਿਵ ਸ੍ਰੀ ਸਵਾਮੀ ਆਦਿੱਤਿਆ ਨੰਦ ਸਰਸਵਤੀ ਨੇ ਕਿਹਾ ਕਿ ਵਾਤਾਵਰਨ ਪੱਖੋਂ ਇਹ ਸਮਾਂ ਬਹੁਤ ਨਾਜ਼ੁਕ ਹੈ।ਭਾਰਤ ਦੇ ਬਹੁਤ ਸਾਰੇ ਵੱਡੇ-ਛੋਟੇ ਸ਼ਹਿਰਾਂਦੀ ਹਵਾ ਬੁਰੀ ਤਰ੍ਹਾਂ ਪਲੀਤ ਹੋ ਚੁੱਕੀ



ਹੈ। ਲੋਕਾਂ ਨੂੰ ਸਾਹ ਲੈਣਾ ਔਖਾ ਹੋ ਗਿਆ ਹੈ। ਦੇਸ਼ ਦੀਆਂ ਨਦੀਆਂ ਤੇ ਦਰਿਆ ਸੁੱਕ ਰਹੇ ਹਨ। ਉਨ੍ਹਾਂ ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ 165 ਕਿਲੋਮੀਟਰ ਲੰਮੀ



ਪਵਿੱਤਰ ਕਾਲੀ ਵੇਈਂ ਦੀ ਕਾਰ ਸੇਵਾ ਦਾ ਖਾਸ ਜ਼ਿਕਰ ਕੀਤਾ ਅਤੇ ਕਿਹਾ ਕਿ ਲੋਕਾਂ ਦੀ ਭਾਈਵਾਲੀ ਨਾਲ ਇੱਕ ਨਦੀ ਸਾਫ਼ ਕਰਕੇ ਦੇਸ਼ ਲਈ ਜਿਹੜੀ ਮਿਸਾਲ ਪੈਦਾ ਕੀਤੀ, ਉਸ ਨਾਲ ਦੇਸ਼ ਦੀਆਂ ਦੂਜੀਆਂ ਪਲੀਤ ਹੋਈਆਂ ਨਦੀਆਂ ਨੂੰ ਸਾਫ਼ ਕਰਨ ਦਾ ਢੰਗ ਮਿਲ ਗਿਆ ਹੈ।ਸੰਤ ਸੇਵਾ ਸਿੰਘ ਨੇ ਵੱਡੀ ਪੱਧਰ ਉਤੇ ਰੁੱਖ ਲਾਉਣ ਦੀ ਮੁਹਿੰਮ ਦੇ ਨਤੀਜੇ ਸਾਡੇ ਸਾਹਮਣੇ ਹਨ। ਜੰਗਲਾਂ ਹੇਠ ਘਟ ਰਿਹਾ ਰਕਬਾ ਚਿੰਤਾ ਦਾ ਵਿਸ਼ਾ ਹੈ।

ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਸੀਚੇਵਾਲ ਮਾਡਲ ਹੇਠ ਵਰਤੇ ਗਏ ਪਾਣੀ ਨੂੰ ਇੱਕ ਵਾਰ ਮੁੜ ਕੇ ਵਰਤੋਂ ਵਿੱਚ ਲਿਆਉਣ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਹੁੰਦੀ ਹੈ। ਇਸ ਮਾਡਲ ਨੂੰ ਦੇਸ਼ ਦੀ ਸਭ ਤੋਂ ਵੱਡੀ ਨਦੀ ਗੰਗਾ ਨੂੰ ਸਾਫ਼ ਕਰਨ ਲਈ ਲਾਗੂ ਕੀਤਾ ਗਿਆ ਹੈ, ਪਰ ਉਸ ਤਰ੍ਹਾਂ ਦੇ ਨਤੀਜੇ ਨਹੀਂ ਨਿਕਲ ਰਹੇ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com



# ਸੰਪਾਦਕੀ

## ਰੈਜ਼ੀਡੈਂਸ਼ੀਅਲ ਸਕੂਲਾਂ ਦਾ ਕੌੜਾ ਸੱਚ ਨਿਗਲਣਾ ਹੋਰ ਵੀ ਕੌੜਾ

ਇਸ ਹਫ਼ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਕੈਮਲੂਪਸ ਵਿਖੇ ਇੱਕ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਦੀ ਇਮਾਰਤ ਦੇ ਅਹਾਤੇ ਵਿੱਚੋਂ 215 ਬੱਚਿਆਂ ਦੇ ਪਾਰਥਕ ਸਰੀਰਾਂ ਦੇ ਅੰਸ਼ ਲੱਭਣ ਦੀ ਦੁਖਦਾਈ ਘਟਨਾ ਸਾਹਮਣੇ ਆਈ ਹੈ। ਇਸ ਨਾਲ 19ਵੀਂ ਸਦੀ ਤੋਂ ਲੈ ਕੇ 1970ਵਿਆਂ ਤੱਕ ਵਾਪਰਦੇ ਰਹੇ ਘਿਨਾਉਣੇ ਅਤੇ ਕੌੜੇ ਸੱਚ ਨੇ ਸਮੁੱਚੇ ਕੈਨੇਡਾ ਵਾਸੀਆਂ ਦੀਆਂ ਆਤਮਾਵਾਂ ਨੂੰ ਝੰਝੋੜ ਕੇ ਰੱਖ ਦਿੱਤਾ ਹੈ। ਵਰਨਣਯੋਗ ਹੈ ਕਿ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਮੂਲਵਾਸੀ ਕੈਨੇਡੀਅਨਾਂ ਦੇ ਲੱਖਾਂ ਬੱਚਿਆਂ ਨੂੰ ਜਬਰੀ ਸਰਕਾਰੀ ਹੁਕਮਾਂ ਉੱਤੇ ਚੁੱਕ ਕੇ ਲਿਆਂਦਾ ਜਾਂਦਾ ਸੀ ਤਾਂ ਜੋ ਉਹ ਆਪਣੇ ਤਹਿਜ਼ੀਬ, ਧਰਮ ਅਤੇ ਸੱਭਿਆਚਾਰ ਭੁੱਲ ਕੇ ਇੱਕ ਨਵਾਂ ਧਰਮ, ਨਵਾਂ ਸੱਭਿਆਚਾਰ ਅਤੇ ਨਵੀਂ ਭਾਸ਼ਾ ਦੇ ਧਾਰਨੀ ਬਣ ਜਾਣ। ਇਸ ਗੈਰ-ਕੁਦਰਤੀ ਕਾਰੇ ਨੂੰ ਸਰਕਾਰਾਂ ਵੱਲੋਂ ਅਮਲੀ ਜਾਮਾ ਚਰਚਾਂ ਅਤੇ ਵਿੱਦਿਅਕ ਸੰਸਥਾਵਾਂ ਦੇ ਸਹਿਯੋਗ ਨਾਲ ਪਹਿਨਾਇਆ ਗਿਆ।

ਇਹ ਕੌੜਾ ਸੱਚ ਹੈ ਕਿ ਵੱਖ ਵੱਖ ਸਮੇਂ ਉੱਤੇ ਕੈਨੇਡਾ ਦੇ ਅਸਲੀ ਧੀਆਂ ਪੁੱਤਰਾਂ ਭਾਵ ਮੂਲਵਾਸੀਆਂ ਦੀ ਹਰ ਪੱਖ ਤੋਂ ਨਸਲਕੁਸ਼ੀ ਹੁੰਦੀ ਰਹੀ ਹੈ। ਇਸ ਵਿੱਚ ਬੱਚਿਆਂ ਦੇ ਸੁਧਾਰ ਦੇ ਨਾਮ ਉੱਤੇ ਨਸਲਕੁਸ਼ੀ ਤੋਂ ਲੈ ਕੇ ਉਹਨਾਂ ਦੇ ਸੱਭਿਆਚਾਰ ਦਾ ਖੁਰਾ ਖੋਜ ਮਿਟਾਉਣਾ ਸ਼ਾਮਲ ਹੈ। ਕੈਨੇਡੀਅਨ ਸੀਨੇਟ ਦੀ ਇੱਕ ਨਵੀਂ ਰਿਪੋਰਟ ਕੱਲ ਜਾਰੀ ਕੀਤੀ ਗਈ। ਰਿਪੋਰਟ ਮੁਤਾਬਕ ਮੂਲਵਾਸੀ ਔਰਤਾਂ ਦੀਆਂ ਕੁੱਖਾਂ ਨੂੰ ਨਿਰਸ਼ਕਤੀ ਕਰਨਾ (sterlization) ਬੀਤੇ ਦੀ ਗੱਲ ਨਹੀਂ ਸਗੋਂ ਇਹ ਵਰਤਾਰਾ ਅੱਜ ਵੀ ਜਾਰੀ ਹੈ। ਰਿਪੋਰਟ ਇਹ ਨਹੀਂ ਦੱਸ ਸਕੀ ਕਿ ਕਿੰਨੀਆਂ ਔਰਤਾਂ ਨੂੰ ਆਪਣੀਆਂ ਕੁੱਖਾਂ ਖਤਮ ਕਰਨ ਦਾ ਦੁਖਾਂਤ ਹੰਢਾਉਣਾ ਪਿਆ ਹੈ।


ਅੱਜ ਤੱਕ ਕੋਈ ਅਜਿਹੀ ਜਾਂਚ ਵੀ ਨਹੀਂ ਹੋ ਸਕੀ ਜਿਸ ਨਾਲ ਮੂਲਵਾਸੀਆਂ ਨੂੰ ਪਹੁੰਚਾਏ ਗਏ ਨੁਕਸਾਨ ਦਾ ਸਹੀ ਅੰਦਾਜ਼ਾ ਲਾਇਆ ਜਾ ਸਕੇ। 2015 ਵਿੱਚ Truth and Reconciliation Commission ਨੇ 94 ਸਿਫਾਰਸ਼ਾਂ ਕੀਤੀਆਂ ਸਨ ਪਰ ਉਸ ਕਮਿਸ਼ਨ ਦੀ ਜਾਂਚ ਦਾ ਦਾਇਰਾ ਹੀ ਬਹੁਤ ਤੰਗ ਰੱਖਿਆ ਗਿਆ ਸੀ। ਸਟੀਫਨ ਹਾਰਪਰ ਸਰਕਾਰ ਨੇ ਕਮਿਸ਼ਨ ਨੂੰ ਉਹ ਦਸਤਾਵੇਜ਼ ਹੀ ਨਹੀਂ ਸੀ ਦਿੱਤੇ ਜਿਹੜੇ ਜਾਂਚ ਲਈ ਜਰੂਰੀ ਸਨ। ਇੱਥੇ ਤੱਕ ਕਿ ਕਮਿਸ਼ਨ ਦੇ ਮੈਂਬਰਾਂ ਨੂੰ ਪ੍ਰਧਾਨ ਮੰਤਰੀ ਜਾਂ ਹੋਰ ਅਧਿਕਾਰੀਆਂ ਨਾਲ ਮੁਲਾਕਾਤ ਕਰਨ ਦਾ ਵਕਤ ਵੀ ਨਹੀਂ ਸੀ ਦਿੱਤਾ ਗਿਆ। ਲਿਬਰਲ ਸਰਕਾਰ ਆਉਣ ਉੱਤੇ ਆਸ ਦੀ ਕਿਰਣ ਜਾਗੀ ਸੀ ਕਿਉਂਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰਿਪੋਰਟ ਜਾਰੀ ਹੋਣ ਵੇਲੇ ਅੱਖਾਂ ਵਿੱਚ ਹੰਝੂ ਲਿਆ ਕੇ ਸਾਰੀਆਂ 94 ਸਿਫਾਰਸ਼ਾਂ ਲਾਗੂ ਕਰਨ ਦਾ ਵਾਅਦਾ ਕੀਤਾ। ਉਸਤੋਂ ਬਾਅਦ ਵਾਅਦਾ ਖਿਲਾਫੀ ਦਾ ਇੱਕ ਲੰਬਾ ਦੌਰ ਚੱਲ ਪਿਆ ਜਿਸ ਵਿੱਚ ਮੂਲਵਾਸੀ ਲਿਬਰਲ ਮੰਤਰੀ ਜੋਡੀ ਵਿਲਸਨ ਦਾ ਕਿੱਸਾ ਸ਼ਾਮਲ ਰੱਖਿਆ ਵੀ ਜਾ ਸਕਦਾ ਹੈ ਅਤੇ ਨਹੀਂ ਵੀ। ਗੁਆਚੀਆਂ ਮੂਲਵਾਸੀ ਔਰਤਾਂ ਬਾਰੇ ਚਾਰ ਸਾਲਾਂ ਬਾਅਦ 2019 ਵਿੱਚ ਰਿਪੋਰਟ ਜਾਰੀ ਕੀਤੀ ਗਈ ਸੀ। ਹੁਣ ਬੱਚਿਆਂ ਦੇ ਮਿਲੇ ਸਰੀਰਕ ਅੰਸ਼ਾਂ ਦੀ ਖ਼ਬਰ ਤੋਂ ਬਾਅਦ ਦੋ ਬਿਲੀਅਨ ਡਾਲਰ ਤੋਂ ਵੱਧ ਦੀ ਯੋਜਨਾ ਦਾ ਤੁਰੰਤ ਐਲਾਨ ਕਰ ਦਿੱਤਾ ਗਿਆ ਹੈ। ਬਹੁ-ਗਿਣਤੀ ਮੂਲਵਾਸੀ ਆਗੂ ਇਸ ਯੋਜਨਾ ਤੋਂ ਖੁਸ਼ ਨਹੀਂ ਹਨ।

ਇੱਕਲਾ ਕੈਨੇਡਾ ਨਹੀਂ ਸਗੋਂ ਮੂਲਵਾਸੀਆਂ ਉੱਤੇ ਅੱਤਿਆਚਾਰ ਅਮਰੀਕਾ, ਨਿਊਜ਼ੀਲੈਂਡ ਅਤੇ ਆਸਟਰੇਲੀਆ ਵਿੱਚ ਵੀ ਹੁੰਦੇ ਰਹੇ ਹਨ ਅਤੇ ਅੱਜ ਵੀ ਹੋ ਰਹੇ ਹਨ। ਮਿਸਾਲ ਵਜੋਂ ਅਮਰੀਕਾ ਵਿੱਚ ਨਵੇਂ ਆਏ ਯੂਰਪੀਅਨ ਹੁਕਮਰਾਨਾਂ ਨੇ ਅਮਰੀਕਨ ਮੂਲਵਾਸੀਆਂ ਉੱਤੇ 1500 ਤੋਂ ਵੱਧ ਹਮਲੇ ਕੀਤੇ ਤਾਂ ਜੋ ਉਹਨਾਂ ਦਾ ਆਪਣੀ ਧਰਤੀ ਨਾਲ ਸਬੰਧ ਖਤਮ ਕੀਤਾ ਜਾ ਸਕੇ। ਜਦੋਂ 1492 ਵਿੱਚ ਕੋਲੰਬਸ ਨੇ ਨੌਰਥ ਅਮਰੀਕਾ ਵਿੱਚ ਪੈਰ ਪਾਇਆ ਸੀ, ਉਸ ਵੇਲੇ ਮੂਲਵਾਸੀਆਂ ਦੀ ਜਨਸੰਖਿਆ ਡੇਢ ਕਰੋੜ ਸੀ। 19ਵੀਂ ਸਦੀ ਦੇ ਅਖੀਰ ਤੱਕ ਇਹਨਾਂ ਮਜ਼ਲੂਮਾਂ ਦੀ ਗਿਣਤੀ ਸਿਰਫ਼ 2 ਲੱਖ 38 ਹਜ਼ਾਰ ਰਹਿ ਗਈ ਸੀ। ਕਿੱਥੇ ਗਏ ਐਨੀ ਵੱਡੀ ਤਾਦਾਤ ਵਿੱਚ ਧਰਤੀ ਦੇ ਜਾਏ? ਕੈਨੇਡਾ ਵਿੱਚ ਮੂਲਵਾਸੀਆਂ ਕੋਲੋਂ ਉਹਨਾਂ ਦੀ 98% ਧਰਤੀ ਖੋਹੀ ਜਾ ਚੁੱਕੀ ਹੈ।

ਸਤੰਬਰ 2020 ਵਿੱਚ ਜੋਆਇਸ ਐਸ਼ਕੁਐਨ (Joyce Echaquan) ਨਾਮਕ ਮੂਲਵਾਸੀ ਔਰਤ ਨੇ ਕਿਉਬਿੱਕ ਦੇ ਇੱਕ ਹਸਪਤਾਲ ਵਿੱਚੋਂ ਮਰਨ ਵੇਲੇ ਫੇਸਬੁੱਕ ਉੱਤੇ ਆਪਣੀ ਇੱਕ ਵੀਡੀਓ ਪਾਈ ਸੀ। ਜਿੰਦਗੀ ਦੇ ਆਖਰੀ ਪਲਾਂ ਵਿੱਚ ਜਿੱਥੇ ਉਹ ਦਰਦ ਨਾਲ ਕਰਾਹ ਰਹੀ ਸੀ ਤਾਂ ਹਸਤਪਾਲ ਸਟਾਫ ਉਸ ਨੂੰ ਗਾਲ੍ਹਾਂ ਕੱਢ ਰਿਹਾ ਸੀ। ਕਿਉਬਿੱਕ ਦੇ ਪ੍ਰੀਮੀਅਰ ਨੇ ਨਰਮ ਜਿਹੇ ਸ਼ਬਦਾਂ ਵਿੱਚ ਇਸ ਘਟਨਾ ਦੀ ਨਿੰਦਾ ਜਰੂਰ ਕੀਤੀ ਸੀ ਪਰ ਇਸਨੂੰ ਸੰਸਥਾਗਤ ਨਸਲਵਾਦ ਕਰਾਰ ਦੇਣ ਤੋਂ ਇਨਕਾਰ ਕਰਦਾ ਆਇਆ ਹੈ। ਇਸ ਤਰਾਂ ਦੇ ਵਤੀਰੇ ਦਾ ਜਾਰੀ ਰਹਿਣਾ ਨਿੰਦਣਯੋਗ ਹੈ।

ਪੰਜਾਬੀ ਪੋਸਟ ਵੱਲੋਂ ਰੈਸ਼ੀਡੈਂਸ਼ੀਅਲ ਸਕੂਲਾਂ ਤੋਂ ਲੈ ਕੇ ਔਰਤਾਂ ਦੇ ਕਤਲਾਂ ਤੋਂ ਲੈ ਕੇ ਪਾਣੀ ਸਿਹਤ ਸਿਹਤ ਸਹੂਲਤਾਂ ਦੀ ਘਾਟ ਬਾਰੇ ਮੂਲਵਾਸੀਆਂ ਦੇ ਮੁੱਦਿਆਂ ਨੂੰ ਲੈ ਕੇ ਅਨੇਕਾਂ ਆਰਟੀਕਲ ਲਿਖੇ ਜਾਂਦੇ ਰਹੇ ਹਨ। ਮਕਸਦ ਇਹਨਾਂ ਧਰਤੀ ਦੇ ਜਾਇਆਂ ਦੇ ਦੁਖਾਂਤ ਬਾਰੇ ਚੇਤਨਾ ਫੈਲਾਉਣਾ ਸੀ ਜਿਸ ਦੀ ਸਖ਼ਤ ਲੋੜ ਵੀ ਹੈ। ਬਰੈਂਪਟਨ ਦੀ ਤਾਮਿਲ ਸੀਨੀਅਰਜ਼ ਐਸੋਸੀਏਸ਼ਨ ਨੂੰ ਜੁਲਾਈ 2019 ਵਿੱਚ ਸਕਾਰਬਰੋ ਤੋਂ ਐਮ ਗੈਰੀ ਆਨੰਦਸੰਗਾਰੀ ਨੇ 59,000 ਡਾਲਰ ਦੇ ਕੇ ਨਿਵਾਜਿਆ ਗਿਆ। ਬਰੈਂਪਟਨ ਦੇ ਪੰਜਾਬੀ ਐਮ ਪੀਆਂ ਨੇ ਇਹੋ ਜਿਹੇ ਉੱਦਮ ਲਈ ਕਿਸੇ ਪੰਜਾਬੀ ਸੀਨੀਅਰ ਗਰੁੱਪ ਜਾਂ ਕਿਸੇ ਹੋਰ ਸੰਸਥਾ ਨੂੰ ਯੋਗ ਕਿਉਂ ਨਹੀਂ ਸਮਝਿਆ? ਸੁਆਲ ਤਾਮਿਲ ਭਾਈਚਾਰੇ ਵਿੱਚ ਮੂਲਵਾਸੀਆਂ ਦੀ ਸਥਿਤੀ ਬਾਰੇ ਜਾਣਕਾਰੀ ਲਈ ਮਾਲੀ ਮਦਦ ਦੇਣ ਬਾਰੇ ਨਹੀਂ ਸਗੋਂ ਬਰੈਂਪਟਨ ਦੇ ਵੱਡੇ ਪੰਜਾਬੀ ਭਾਈਚਾਰੇ ਨੂੰ ਮੂਲਵਾਸੀਆਂ ਦੀ ਸਥਿਤੀ ਬਾਰੇ ਅਨਜਾਣ ਰੱਖਣ ਬਾਰੇ ਹੈ।

## ਅਮਰੀਕਾ ਨਾਲ ਲੱਗਦੀ ਸਰਹੱਦ ਖੋਲ੍ਹਣ ਦੀ ਸਾਨੂੰ ਕੋਈ ਕਾਹਲੀ ਨਹੀਂ : ਟਰੂਡੋ




ਮਾਂਟਰੀਅਲ, 3 ਜੂਨ (ਪੋਸਟ ਬਿਊਰੋ) : ਕੈਨੇਡਾ ਭਰ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਲਗਾਤਾਰ ਗਿਰਾਵਟ ਦਰਜ ਕੀਤੀ ਜਾ ਰਹੀ ਹੈ ਪਰ ਇਸ ਦੇ ਬਾਵਜੂਦ ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਗੈਰ ਜ਼ਰੂਰੀ ਆਵਾਜਾਈ ਲਈ ਅਮਰੀਕਾ ਨਾਲ ਲੱਗਦੀ ਆਪਣੀ ਸਰਹੱਦ ਖੋਲ੍ਹਣ ਦੀ ਕੈਨੇਡਾ ਨੂੰ ਅਜੇ ਕੋਈ ਕਾਹਲੀ ਨਹੀਂ ਹੈ।

ਸਰਹੱਦ ਦੇ ਦੋਵਾਂ ਪਾਸਿਆਂ ਉੱਤੇ ਵੈਕਸੀਨੇਸ਼ਨ ਦਾ ਸਿਲਸਿਲਾ ਤੇਜ਼ ਹੋਣ ਤੋਂ ਬਾਅਦ ਰੀਓਪਨਿੰਗ ਪਲੈਨ ਤੇਜ਼ੀ ਨਾਲ ਲਾਗੂ ਕਰਨ ਦੀ ਮੰਗ ਵਧੀ ਹੈ। ਪਿਛਲੇ ਹਫਤੇ ਵਾਈਟ ਹਾਊਸ ਨੇ ਆਖਿਆ ਸੀ ਕਿ ਉਨ੍ਹਾਂ ਅਜੇ ਇਸ ਬਾਰੇ ਕੋਈ ਫੈਸਲਾ ਨਹੀਂ ਕੀਤਾ ਹੈ ਕਿ ਕੈਨੇਡਾ ਨਾਲ ਲੱਗਦੀ ਸਰਹੱਦ ਕਦੋਂ ਜਾਂ ਕਿਵੇਂ ਖੋਲ੍ਹੀ ਜਾਵੇਗੀ। ਪਰ ਬਿਜ਼ਨਸ ਗਰੁੱਪਜ਼ ਤੇ ਵਰਮੌਂਟ ਦੇ ਗਵਰਨਰ ਫਿੱਲ ਸਕੌਟ ਤੇ ਨਿਊ ਯੌਰਕ ਦੇ ਰਿਪਬਲਿਕਨ ਬ੍ਰਾਇਨ ਹਿਗਿਨਜ਼ ਵਰਗੇ ਨੀਤੀਘਾੜਿਆਂ ਵੱਲੋਂ ਦੋਵਾਂ ਦੇਸ਼ਾਂ ਨੂੰ ਠੋਸ ਯੋਜਨਾ ਲਿਆਉਣ ਦੀ ਅਪੀਲ ਕੀਤੀ ਜਾ ਰਹੀ ਹੈ।

ਸੋਮਵਾਰ ਨੂੰ ਪ੍ਰਧਾਨ ਮੰਤਰੀ ਟਰੂਡੋ ਨੇ ਆਖਿਆ ਕਿ ਬਹੁਤ ਸਾਰੇ ਲੋਕ ਸਰਹੱਦ ਨੂੰ ਖੋਲ੍ਹੇ ਜਾਣ ਲਈ ਕਾਹਲੇ ਹਨ ਪਰ ਪਾਬੰਦੀਆਂ ਵਿੱਚ ਕਿਸੇ ਕਿਸਮ ਦੀ ਵੀ ਢਿੱਲ ਬਹੁਤ ਹੀ ਸਾਵਧਾਨੀ ਨਾਲ ਤੇ ਕੈਨੇਡੀਅਨਜ਼ ਦੀ ਸੇਫਟੀ ਨੂੰ ਧਿਆਨ ਵਿੱਚ ਰੱਖਕੇ ਹੀ ਦਿੱਤੀ ਜਾਵੇਗੀ। ਓਟਵਾ ਵਿੱਚ ਇੱਕ ਨਿਊਜ਼ ਕਾਨਫਰੰਸ ਵਿੱਚ ਟਰੂਡੋ ਨੇ ਆਖਿਆ ਕਿ ਅਸੀਂ ਸਹੀ ਦਿਸ਼ਾ ਵੱਲ ਜਾ ਰਹੇ ਹਾਂ ਪਰ ਅਸੀਂ ਆਪਣੇ ਫੈਸਲੇ ਕੈਨੇਡੀਅਨਜ਼ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਕੇ ਲੈਣੇ ਹਨ ਨਾ ਕਿ ਹੋਰ ਦੇਸ਼ ਕੀ ਚਾਹੁੰਦੇ ਹਨ ਇਸ ਬਾਰੇ ਸੋਚ ਕੇ ਅਸੀਂ ਆਪਣੇ ਫੈਸਲੇ ਕਰਾਂਗੇ। ਉਨ੍ਹਾਂ ਆਖਿਆ ਕਿ ਟਰੈਵਲ ਸਬੰਧੀ ਪਾਬੰਦੀਆਂ ਵਿੱਚ ਢਿੱਲ ਦੇਣ ਲਈ 75 ਫੀ ਸਦੀ ਕੈਨੇਡੀਅਨਾਂ ਦਾ ਟੀਕਾਕਰਣ ਹੋਇਆ ਹੋਣਾ ਜ਼ਰੂਰੀ ਹੈ ਤੇ ਇਸ ਦੇ ਨਾਲ ਹੀ ਦੇਸ਼ ਭਰ ਵਿੱਚ ਰੋਜ਼ਾਨਾ ਸਾਹਮਣੇ ਆਉਣ ਵਾਲੇ ਮਾਮਲਿਆਂ ਵਿੱਚ ਵੀ ਕਮੀ ਦਰਜ ਕੀਤੀ ਜਾਣੀ ਜ਼ਰੂਰੀ ਹੈ।

## ਵੈਨਕੂਵਰ ਵਿੱਚ ਦਰਜਨ ਬੱਚਿਆਂ ਨੂੰ ਲਾਏ ਗਏ ਕੋਵਿਡ-19 ਦੀ ਗਲਤ ਵੈਕਸੀਨ ਦੇ ਟੀਕੇ



ਵੈਨਕੂਵਰ, 3 ਜੂਨ (ਪੋਸਟ ਬਿਊਰੋ) ; ਵੈਨਕੂਵਰ ਕੋਸਟਲ ਹੈਲਥ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਦਰਜਨ ਭਰ ਨੌਜਵਾਨਾਂ ਨੂੰ ਕੋਵਿਡ-19 ਦੀ ਗਲਤ ਵੈਕਸੀਨ ਦਿੱਤੀ ਗਈ। ਇਸ ਖੁਲਾਸੇ ਤੋਂ ਬਾਅਦ ਵੈਨਕੂਵਰ ਕੋਸਟਲ ਹੈਲਥ ਨੇ ਮੁਆਫੀ ਮੰਗਦਿਆਂ ਹੋਇਆਂ ਇਹ ਵੀ ਆਖਿਆ ਹੈ ਕਿ ਉਹ ਆਪਣੀ ਇਮਿਊਨਾਈਜ਼ੇਸ਼ਨ ਪ੍ਰਕਿਰਿਆ ਨੂੰ ਅਪਡੇਟ ਕਰ ਰਹੀ ਹੈ।

ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਗਲਤੀ ਸ਼ੁੱਕਰਵਾਰ ਤੇ ਸ਼ਨਿੱਚਰਵਾਰ ਨੂੰ ਉਦੋਂ ਵਾਪਰੀ ਜਦੋਂ 12 ਤੋਂ 17 ਸਾਲ ਉਮਰ ਵਰਗ ਦਰਮਿਆਨ ਬੱਚਿਆਂ ਨੂੰ ਪਹਿਲੀ ਡੋਜ਼ ਲਾਈ ਜਾਣੀ ਸੀ। ਇਹ ਵੀ ਆਖਿਆ ਗਿਆ ਕਿ 12 ਬੱਚਿਆਂ ਨੂੰ ਫਾਈਜ਼ਰ-ਬਾਇਓਐਨਟੈਕ ਦੀ ਥਾਂ ਉੱਤੇ ਮੌਡਰਨਾ ਦੇ ਟੀਕੇ ਲਾ ਦਿੱਤੇ ਗਏ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਵਿੱਚ 12 ਤੇ 17 ਸਾਲ ਦਰਮਿਆਨ ਬੱਚਿਆਂ ਲਈ ਫਾਈਜ਼ਰ-ਬਾਇਓਐਨਟੈਕ ਵੈਕਸੀਨ ਨੂੰ ਹੀ ਮਨਜ਼ੂਰੀ ਦਿੱਤੀ ਗਈ ਹੈ।

ਇਹ ਵੀ ਆਖਿਆ ਗਿਆ ਕਿ ਮੌਡਰਨਾ ਵੱਲੋਂ ਪਿੱਛੇ ਜਿਹੇ ਇਹ ਐਲਾਨ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਵੈਕਸੀਨ ਦੇ ਕਲੀਨਿਕਲ ਟ੍ਰਾਇਲਜ਼ ਵਿੱਚ ਵੈਕਸੀਨ ਕਿਸ਼ੋਰਾਂ ਲਈ ਸੇਫ ਤੇ ਪ੍ਰਭਾਵਸ਼ਾਲੀ ਪਾਈ ਗਈ ਹੈ। ਪਰ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਉੱਤੇ ਇਸ ਦੀ ਵਰਤੋਂ ਨੂੰ ਅਜੇ ਤੱਕ ਕੈਨੇਡਾ ਵਿੱਚ ਮਨਜ਼ੂਰੀ ਨਹੀਂ ਮਿਲੀ ਹੈ। ਬਿਆਨ ਵਿੱਚ ਆਖਿਆ ਗਿਆ ਕਿ ਵੈਨਕੂਵਰ ਕੋਸਟਲ ਹੈਲਥ ਮੈਡੀਕਲ ਆਫੀਸਰਜ਼ ਇਹ ਨਹੀਂ ਮੰਨਦੇ ਕਿ ਮੌਡਰਨਾ ਨਾਲ 12 ਬੱਚਿਆਂ ਨੂੰ ਕੋਈ ਨੁਕਸਾਨ ਹੋਵੇਗਾ। ਉਨ੍ਹਾਂ ਵੱਲੋਂ ਬੱਚਿਆਂ ਦੇ ਮਾਪਿਆਂ ਨੂੰ ਦੱਸ ਦਿੱਤਾ ਗਿਆ ਹੈ ਤੇ ਉਨ੍ਹਾਂ ਨੂੰ ਇਸ ਸਬੰਧੀ ਹੋਰ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਹੈ। ਇਹ ਵੀ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਭਵਿੱਖ ਵਿੱਚ ਦੁਬਾਰਾ ਅਜਿਹਾ ਕੁੱਝ ਨਾ ਵਾਪਰੇ।

## ਸੁਖਪਾਲ ਸਿੰਘ ਖਹਿਰਾ ਸਮੇਤ ਆਪ ਪਾਰਟੀ ਦੇ ਤਿੰਨ ਬਾਗੀ ਵਿਧਾਇਕ ਕਾਂਗਰਸ ਵਿਚ ਸ਼ਾਮਿਲ

...ਪੰਨਾ 1 ਦਾ ਬਾਕੀ

ਕੈਪਟਨ ਅਮਰਿੰਦਰ ਸਿੰਘ ਕਿਹਾ ਕਿ ਕਾਂਗਰਸ ਪਾਰਟੀ ਦੇ ਜਨਰਲ ਸੈਕਟਰੀ ਅਤੇ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤਿੰਨ ਮੈਂਬਰੀ ਕਮੇਟੀ ਨਾਲ ਦਿੱਲੀ ਵਿਖੇ ਵਿਚਾਰ ਵਟਾਂਦਰੇ ਵਿੱਚ ਰੁੱਝੇ ਹੋਣ ਕਾਰਨ ਉਨ੍ਹਾਂ ਦਾ ਆਸ਼ੀਰਵਾਦ ਬਾਅਦ ਵਿੱਚ ਲਿਆ ਜਾਵੇਗਾ।ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਪੱਕੀ ਰਾਏ ਹੈ ਕਿ ਸੁਖਪਾਲ ਸਿੰਘ ਖਹਿਰਾ ਅਤੇ ਉਨ੍ਹਾਂ ਦੇ ਸਾਥੀਆਂ ਦੇ ਸ਼ਾਮਲ ਹੋਣ ਨਾਲ ਕਾਂਗਰਸ ਹੋਰ ਮਜ਼ਬੂਤ ਹੋਵੇਗੀ।

ਆਮ ਆਦਮੀ ਪਾਰਟੀ ਤੋਂ ਬਾਗੀ ਹੋਏ ਸੁਖਪਾਲ ਸਿੰਘ ਖਹਿਰਾ ਦੇ ਨਾਲ ਪਿਰਮਲ ਸਿੰਘ ਤੇ ਜਗਦੇਵ ਸਿੰਘ ਕਮਾਲੂ ਨੇ ਅੱਜਜਦੋਂ ਕਾਂਗਰਸ ਦਾ ਹੱਥ ਫੜ ਲਿਆ ਤਾਂ ਇਸ ਮਗਰੋਂ ਸੁਖਪਾਲ ਸਿੰਘ ਖਹਿਰਾ ਨੇ ਸੋਨੀਆ ਗਾਂਧੀ, ਰਾਹੁਲ ਗਾਂਧੀ, ਹਰੀਸ਼ ਰਾਵਤ ਅਤੇ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ 'ਅਸੀਂ ਅੱਜਇਹਕਦਮ ਬੜਾ ਸੋਚ ਕੇ ਚੁੱਕਿਆ ਹੈ, ਅਸੀਂ ਮੰਨਦੇ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਲਈ ਹਮੇਸ਼ਾ ਡਟਵਾ ਸਟੈਂਡ ਲਿਆ ਹੈ।' ਸੁਖਪਾਲ ਸਿੰਘ ਖਹਿਰਾ ਨੇ ਕਾਂਗਰਸ ਵਿੱਚਜਾਣ ਦਾ ਪਹਿਲਾ ਕਾਰਨ ਅਕਾਲੀਆਂ ਵਿਰੁੱਧ ਮਿਲ ਕੇ ਲੜਨਾ ਦੱਸਿਆਤੇ ਬੇਅਦਬੀ ਕੇਸਦੇ ਭਖਦੇ ਮਸਲੇ ਬਾਰੇ ਕਿਹਾ ਕਿ ਬੇਅਦਬੀ ਕਰਨ ਵਾਲਿਆਂ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਸਿਰਫ ਕੈਪਟਨ ਅਮਰਿੰਦਰ ਸਿੰਘ ਹੀ ਦਿਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਐੱਸ ਆਈ ਟੀ ਨੂੰ ਹਾਈ ਕੋਰਟ ਨੇ ਭਾਵੇਂ 6 ਮਹੀਨੇ ਸਮਾਂ ਦਿੱਤਾ ਹੈ, ਇਹ ਬਾਰੇ ਫ਼ੈਸਲਾ ਅਗਲੇ ਦੋ ਮਹੀਨਿਆਂ ਵਿਚ ਹੋ ਜਾਵੇਗਾ। ਇਸ ਮੌਕੇਬਾਦਲਾਂ ਉੱਤੇ ਵਰ੍ਹਦੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ 'ਪਿਛਲੇ 10 ਸਾਲਾਂਦੌਰਾਨ ਪੰਜਾਬ ਲੁੱਟ ਕੇ ਇਨ੍ਹਾਂ ਨੇ ਆਪਣੀ ਜਾਇਦਾਦ ਬਣਾਈ ਹੈ। ਕੋਈ ਸੂਬਾ ਨਹੀਂ ਹੋਵੇਗਾ, ਜਿੱਥੇ ਇਨ੍ਹਾਂ ਦੇ ਫਾਰਮ ਹਾਊਸ ਨਹੀਂ ਹੋਣੇ। ਇਨ੍ਹਾਂ ਨਾਲ ਲੜਨਾ ਬਹੁਤ ਜ਼ਰੂਰੀ ਹੈ।' ਉਨ੍ਹਾਂ ਕਿਹਾ ਕਿ ਇਨ੍ਹਾਂ ਨਾਲ ਵੱਖ-ਵੱਖ ਹੋ ਕੇ ਨਹੀਂ ਲੜਿਆ ਜਾ ਸਕਦਾ ਸੀ।

ਕਾਂਗਰਸ ਵਿੱਚਜਾਣ ਦਾ ਦੂਸਰਾ ਕਾਰਨ ਉਨ੍ਹਾਂ ਨੇ ਇਹ ਦੱਸਿਆ ਕਿ ਇਥੇ ਫਰਜ਼ੀ ਇਨਕਲਾਬੀ ਬਹੁਤ ਹਨ। ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲਬਾਰੇ ਉਨ੍ਹਾਂ ਕਿਹਾ ਕਿ '2015 ਵਿੱਚਇਸ ਪਾਰਟੀ ਵਿੱਚ ਸ਼ਾਮਲ ਹੋਣਾ ਮੇਰੀ ਬਹੁਤ ਵੱਡੀ ਗਲਤੀ ਸੀ। ਅਸੀਂ ਇਮਾਨਦਾਰੀ ਨਾਲ ਉਸ ਪਾਰਟੀ ਵਿੱਚ ਗਏ, ਪਰ ਉਥੇ ਜਾ ਕੇ ਪਤਾ ਲੱਗਾ ਕਿ ਏਥੇ ਦੋਗਲੇ ਚਿਹਰੇ ਹਨ। ਕਿਸਾਨ ਮੋਰਚੇ ਦੌਰਾਨ ਸ਼ਾਹੀਨ ਬਾਗ ਵਿਖੇ ਦਿੱਲੀ ਸ਼ਹਿਰ ਵਿੱਚ ਦੰਗੇਹੁੰਦੇ ਰਹੇ ਸਨ, ਪਰ ਅਰਵਿੰਦ ਕੇਜਰੀਵਾਲ ਅਤੇ ਉਸ ਦੀ ਸਰਕਾਰ ਮੂਕ ਦਰਸ਼ਕ ਬਣ ਕੇ ਵੇਖਦੇ ਰਹੇ ਸਨ।'




Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਇਨ ਪਰਸਨ ਲਰਨਿੰਗ ਲਈ ਸਕੂਲਾਂ ਨੂੰ ਮੁੜ ਖੋਲ੍ਹਣ ਦਾ ਐਲਾਨ ਇੱਕ ਜਾਂ ਦੋ ਦਿਨ ਵਿੱਚ ਕਰਾਂਗੇ : ਫੋਰਡ




ਓਨਟਾਰੀਓ, 3 ਜੂਨ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦਾ ਕਹਿਣ ਹੈ ਕਿ ਇਨ ਪਰਸਨ ਲਰਨਿੰਗ ਲਈ ਸਕੂਲਾਂ ਨੂੰ ਮੁੜ ਖੋਲ੍ਹਣ ਦਾ ਫੈਸਲਾ ਅਗਲੇ ਇੱਕ ਜਾਂ ਦੋ ਦਿਨ ਵਿੱਚ ਕਰ ਲਿਆ ਜਾਵੇਗਾ।

ਫੋਰਡ ਨੇ ਆਖਿਆ ਕਿ ਉਹ ਓਨਟਾਰੀਓ ਦੇ ਸਾਇੰਸ ਐਡਵਾਈਜ਼ਰੀ ਟੇਬਲ ਤੋਂ ਆਪਣੇ ਇਨ੍ਹਾਂ ਸਵਾਲਾਂ ਦੇ ਜਵਾਬ ਦੀ ਆਸ ਕਰ ਰਹੇ ਹਨ ਜਿਹੜੇ ਪਿਛਲੇ ਵੀਕੈਂਡ ਪ੍ਰਕਾਸ਼ਿਤ ਹੋਏ ਸਨ। ਪਿਛਲੇ ਹਫਤੇ ਫੋਰਡ ਵੱਲੋਂ ਜਾਰੀ ਕੀਤੇ ਗਏ ਇੱਕ ਖੁੱਲ੍ਹੇ ਪੱਤਰ ਦੇ ਜਵਾਬ ਵਿੱਚ ਓਨਟਾਰੀਓ ਦੇ ਕੋਵਿਡ-19 ਸਾਇੰਸ ਐਡਵਾਈਜ਼ਰੀ ਟੇਬਲ ਨੇ ਸ਼ਨਿੱਚਰਵਾਰ ਨੂੰ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਸਕੂਲ ਵਰ੍ਹੇ ਦੇ ਆਖਰੀ ਮਹੀਨੇ ਰੀਜਨਲ ਅਧਾਰ ਉੱਤੇ ਸਕੂਲਾਂ ਨੂੰ ਇਨ ਪਰਸਨ ਲਰਨਿੰਗ ਲਈ ਖੋਲ੍ਹਿਆ ਜਾ ਸਕਦਾ ਹੈ।

ਟੇਬਲ ਦਾ ਮੰਨਣਾ ਹੈ ਕਿ ਬਹੁਤੀਆਂ ਹੈਲਥ ਯੂਨਿਟਸ ਆਪਣੀਆਂ ਕਮਿਊਨਿਟੀਜ਼ ਵਿੱਚ ਕੋਵਿਡ-19 ਮਾਮਲਿਆਂ ਨੂੰ ਰੋਕਣ ਵਿੱਚ ਤੇ ਮੈਨੇਜ ਕਰਨ ਵਿੱਚ ਸਫਲ ਰਹਿਣਗੀਆਂ। ਵੀਰਵਾਰ ਨੂੰ ਫੋਰਡ ਨੇ ਬਹੁਤੇ ਸਟੇਕਹੋਲਡਰਜ਼, ਜਿਨ੍ਹਾਂ ਵਿੱਚ ਐਡਵਾਈਜ਼ਰੀ ਟੇਬਲਜ਼ ਵੀ ਸ਼ਾਮਲ ਹਨ, ਹੈਲਥ ਅਧਿਕਾਰੀਆਂ, ਸਕੂਲ ਬੋਰਡਜ਼ ਤੇ ਅਧਿਆਪਕਾਂ ਨੂੰ ਨੋਟ ਭੇਜ ਕੇ ਇਹ ਸਲਾਹ ਮੰਗੀ ਕਿ ਕੀ ਇਨ ਪਰਸਨ ਲਰਨਿੰਗ ਮੁੜ ਸ਼ੁਰੂ ਕਰਨਾ ਸੇਫ ਹੋਵੇਗਾ। ਇਹ ਪੁੱਛੇ ਜਾਣ ਉੱਤੇ ਕਿ ਸਰਕਾਰ ਇਸ ਐਲਾਨ ਲਈ ਐਨਾ ਜ਼ੋਰ ਕਿਉਂ ਲਾ ਰਹੀ ਹੈ ਤਾਂ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਸਕੂਲਾਂ ਨੂੰ ਮੁੜ ਖੋਲ੍ਹਣ ਦਾ ਫੈਸਲਾ ਬਹੁਤ ਵੱਡਾ ਹੈ। ਅਸੀਂ ਵਿਦਿਆਰਥੀਆਂ ਦੀ ਸੇਫਟੀ ਤੇ ਸਿਹਤ ਬਾਰੇ ਵਿਚਾਰ ਵਟਾਂਦਰਾ ਕਰ ਰਹੇ ਹਾਂ ਤੇ ਇਸ ਦੇ ਨਾਲ ਹੀ ਓਨਟਾਰੀਓ ਦੇ ਨੌਜਵਾਨਾਂ, ਅਧਿਆਪਕਾਂ ਤੇ ਹੋਰਨਾਂ ਸਕੂਲ ਅਧਿਕਾਰੀਆਂ ਦੀ ਸੇਫਟੀ ਦਾ ਵੀ ਧਿਆਨ ਰੱਖ ਰਹੇ ਹਾਂ ਤਾਂ ਕਿ ਸੱਭ ਠੀਕ ਠਾਕ ਰਹੇ।

## ਇੱਕ ਦਿਨ ਪਹਿਲਾਂ ਰਿਟਾਇਰ ਫੌਜੀ ਜਵਾਨ ਤੇ ਡਰਾਈਵਰ ਦੀ ਸੜਕ ਹਾਦਸੇ ਵਿੱਚ ਮੌਤ




ਗੋਰਾਇਆ, 3 ਜੂਨ (ਪੋਸਟ ਬਿਊਰੋ)- ਇੱਕ ਦਿਨ ਪਹਿਲਾਂ ਰਾਜਸਥਾਨ ਤੋਂ ਰਿਟਾਇਰ ਹੋਏ ਉਤਰ ਪ੍ਰਦੇਸ਼ ਦੇ ਵਸਨੀਕ ਫੌਜ ਦੇ ਜਵਾਨ ਅਤੇ ਮਹਿੰਦਰਾ ਪਿਕਅਪ ਗੱਡੀ ਚਲਾ ਰਹੇ ਡਰਾਈਵਰ ਦੀਮੰਸੂਰਪੁਰ ਨੇੜੇ ਸੜਕ ਹਾਦਸੇ ਵਿੱਚ ਮੌਤ ਹੋ ਗਈ ਅਤੇ ਇਸ ਹਾਦਸੇ ਵਿੱਚ ਗੱਡੀ ਦਾ ਹੈਲਪਰ ਜ਼ਖਮੀ ਹੋ ਗਿਆ। ਯੂ ਪੀ ਦੇ ਜ਼ਿਲ੍ਹਾ ਫਿਰੋਜ਼ਾਬਾਦ ਦੇ ਪਿੰਡ ਫਲੀਆ ਦਾ ਜਵਾਨ ਰਾਜੇਸ਼ ਕੁਮਾਰ ਹਾਲੇ ਇੱਕ ਦਿਨ ਪਹਿਲਾਂ ਰਿਟਾਇਰ ਹੋਇਆ ਸੀ ਅਤੇ ਜਲੰਧਰ ਵਿੱਚੋਂ ਆਪਣਾ ਸਾਮਾਨ ਗੱਡੀ ਵਿੱਚ ਭਰ ਕੇ ਡਰਾਈਵਰ ਕਿਸ਼ਨ ਕੁਮਾਰ ਤੇ ਹੈਲਪਰ ਨਾਲ ਘਰ ਜਾ ਰਿਹਾ ਸੀ।

PUNJABI RANG RADIO



CAIO 530AM
11pm-12am
Every Saturday



Chamkaur Singh
Producer/ Host
Cell: 416 662 1313
Email: punjabirang13@hotmail.com

## ਖੁਸ਼ੀ ਦੀ ਪ੍ਰਾਪਤੀ

ਅਮਰਜੀਤ ਕੌਰ ਵੈਨਕੂਵਰ

ਹਾਲਾਂ ਕਿ ਖੁਸ਼ੀ ਦੀ ਕੋਈ ਪੱਕੀ ਪਰਿਭਾਸ਼ਾ ਦੇਣਾ ਜਾਂ ਲਿਖਣਾ ਬਹੁਤ ਔਖਾ ਕੰਮ ਹੈ ,ਪਰ ਫਿਰ ਵੀ ਅਸੀਂ ਆਮ ਤੌਰ ਤੇ ਇਹੀ ਕਹਿ ਦਿੰਦੇ ਹਾਂ ਕਿ ਖੁਸ਼ੀ ਹੋਰ ਕੁਝ ਨਹੀਂ ਸਿਰਫ ਮਨ ਦੀ ਇੱਕ ਅਵਸਥਾ ਹੀ ਹੈ ਜੋ ਸਾਨੂੰ ਚੰਗਾ ਅਤੇ ਸੰਤੁਸ਼ਟ ਹੋਣ ਦਾ ਅਹਿਸਾਸ ਕਰਵਾਉਂਦੀ ਹੈ,ਬਾਵਜੂਦ ਇਸ ਦੇ ਕਿ ਨਾਖੁਸ਼ ਹੋਣ ਦੇ ਕਾਰਣ ਹਰ ਵੱਖਰੇ ਇਨਸਾਨ ਵਾਸਤੇ ਵੱਖਰੇ ਹੁੰਦੇ ਹਨ। ਕਈ ਵਾਰ ਇੱਕੋ ਘਟਨਾ ਕਿਸੇ ਇੱਕ ਨੂੰ ਖੁਸ਼ ਕਰ ਦਿੰਦੀ ਹੈ ਤੇ ਦੂਜੇ ਨੂੰ ਨਾਖੁਸ਼। ਹਾਂ ਜੇ ਕਰ ਅਸੀਂ ਖੁਸ਼ ਹੁੰਦੇ ਹਾਂ ਤਾਂ ਆਪਣੇ ਆਪ ਨੂੰ ਮਜ਼ਬੂਤ ਪਰ ਹਲਕਾ ਮਹਿਸੂਸ ਕਰਦੇ ਹਾਂ। ਖੁਸ਼ ਹੋਣ ਦੀ ਅਵਸਥਾ ਵਿੱਚ ਅਸੀਂ ਕੋਈ ਵੀ ਅਜਿਹਾ ਕੰਮ ਨਹੀਂ ਕਰ ਸਕਦੇ ਜਿਸ ਨਾਲ ਸਾਡਾ ਆਪਣਾ ਜਾਂ ਕਿਸੇ ਦੂਜੇ ਦਾ ਨੁਕਸਾਨ ਹੋ ਸਕਦਾ ਹੋਵੇ। ਅਸੀਂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਾਂ।

ਕਹਿਣ ਨੂੰ ਤਾਂ 'ਖੁਸ਼ੀ' ਸ਼ਬਦ ਦੋ ਅੱਖਰ ਅਤੇ ਦੋ ਮਾਤਰਾਵਾਂ ਦਾ ਹੀ ਸੁਮੇਲ ਹੈ ਪਰ ਇਸ ਦੀ ਪਰਿਭਾਸ਼ਾ ਬਹੁਤ ਵਿਸ਼ਾਲ ਹੈ। ਕੋਈ ਵੀ ਇਸ ਨੂੰ ਪਰਿਭਾਸ਼ਿਤ ਕਰਨ ਲਈ ਕੋਈ ਪੱਕਾ ਨਿਯਮ ਨਹੀਂ ਬਣਾ ਸਕਿਆ ਹੈ। ਵੱਖੋ ਵੱਖਰੇ ਵਿਦਵਾਨਾਂ ਨੇ ਵੱਖੋ ਵੱਖਰੇ ਸ਼ਬਦਾਂ,ਵੱਖੋ ਵੱਖਰੇ,ਵੱਖੋ ਵੱਖਰੇ ਵਾਕਾਂ ਅਤੇ ਵੱਖੋ ਵੱਖਰੇ ਪੈਰ੍ਹਿਆਂ ਵਿੱਚ ਦਸਣ ਦੀ ਕੋਸ਼ਿਸ਼ ਕੀਤੀ ਹੈ।

ਕੁਝ ਵਿਦਵਾਨ ਖੁਸ਼ ਹੋਣ ਦੇ ਢੰਗਾਂ ਤੋਂ ਜਾਣੂ ਕਰਵਾਉਂਦੇ ਹਨ ਤੇ ਕੁਝ ਉਹਨਾਂ ਚੀਜ਼ਾਂ ਜਾਂ ਗਲਾਂ ਕਹਿ ਲਓ ਤੋਂ ਬੱਚਣ ਵਾਸਤੇ ਅਗਾਹ ਕਰਦੇ ਹਨ ਜੋ ਸਾਨੂੰ ਨਾਖੁਸ਼ ਕਰ ਸਕਦੀਆਂ ਹਨ। ਇੱਕ ਅੰਗਰੇਜ਼ ਧਾਰਮਿਕ ਆਗੂ ਫਰੈਡਰਿੱਕ ਲਿਊਸ ਨੇ ਕਿਹਾ ਹੈ ਕਿ ਜੇਕਰ

ਅਸੀਂ ਇਹਨਾਂ ਸੱਤਾਂ ਅਡੰਬਰਾਂ ਤੋਂ ਬੱਚ ਜਾਈਏ ਤਾਂ ਕਿਸੇ ਹੱਦ ਤੱਕ ਖੁਸ਼ੀ ਪ੍ਰਾਪਤ ਕਰ ਸੱਕਦੇ ਹਾਂ । ਜੋ ਕਿ ਇਹ ਹਨ ; ਬਿਨਾਂ ਮਿਹਨਤ ਤੋਂ ਦੌਲਤ ਦਾ ਮਿਲ ਜਾਣਾ,ਬਿਨਾਂ ਅੱਖਰਾਂ ਤੋਂ ਗਿਆਨ ਦਾ ਮਿਲ ਜਾਣਾ,ਬਿਨਾਂ ਜ਼ਮੀਰ ਤੋਂ ਅਨੰਦ ਦਾ ਮਿਲਣਾ,ਨੈਤਿਕਤਾ ਤੋਂ ਬਿਨਾਂ ਵਪਾਰ,ਮਨੁੱਖਤਾ ਭਲਾਈ ਤੋਂ ਬਿਨਾਂ ਵਿ-ਗਆਨ,ਤਿਆਗ ਤੋਂ ਬਿਨਾਂ ਪੂਜਾ ਅਤੇ ਬਿਨਾਂ ਅਸੂਲਾਂ ਦੇ ਰਾਜਨੀਤੀ। ਉਹਨਾਂ ਦੇ ਅਨੁਸਾਰ ਖੁਸ਼ੀ ਕੋਈ ਇਸਤਰਾਂ ਦੀ ਵਸਤੂ ਨਹੀਂ ਜੋ ੜਦੀ ਭਲਾਈ ਵਾਸਤੇ ਸੋਧੀ ਹੋਈ ਘਾਲਣਾ ਹੈ। ਗਾਂਧੀ ਜੀ ਦਾ ਮੰਨਣਾ ਹੈ ਕਿ ਖੁਸ਼ੀ ਇੱਕ ਤਰਾਂ ਨਾਲ ਤੁਸੀਂ ਕੀ ਸੋਚਦੇ ਹੋ,ਕੀ ਕਹਿੰਦੇ ਹੋ ਤੇ ਕੀ ਕਰਦੇ ਹੋ ਸਭ ਦਾ ਜੋੜ ਅਤੇ ਨਿਚੋੜ ਹੈ ਜੋ ਕਿ ਤੁਸੀਂ ਇਕਸ-ਾਰਤਾ ਵਿੱਚ ਕਰਦੇ ਹੋ।

ਜਿਵੇਂ ਕਿ ਸਪਸ਼ਟ ਹੈ ਕਿ ਖੁਸ਼ੀ ਪ੍ਰਾਪਤ ਕਰਨ ਜਾਂ ਖੁਸ਼ ਰਹਿਣ ਦੀ ਕੋਈ ਨਿਸ਼ਚਿਤ ਵਿਧੀ ਨਹੀਂ ਹੈ। ਇਹ ਤਾਂ ਇੱਕ ਜੰਗਲੀ ਬੂਟੀ ਦੇ ਨਿਆਂਈ ਹੈ ਜੋ ਮਨ ਦੀ ਧਰਤੀ ਉਪਰ ਕਦੇ ਵੀ ਉਗ ਸਕਦੀ ਹੈ । ਫਿਰ ਇਸ ਦੀ ਦੇਖਭਾਲ ਕਰਨਾ ਤੇ ਇਸ ਨੂੰ ਪ੍ਰਫੁਲਿਤ ਕਰਨਾ ਤੁਹਾਡੀ ਆਪਣੀ ਜ਼ਿੰਮੇਵਾਰੀ ਬਣ ਜਾਂਦੀ ਹੈ।

ਕੁਝ ਲੋਕ ਸੋਚਦੇ ਹਨ ਕਿ ਧਨ ਦੌਲਤ ਨਾਲ ਇਹ ਤੋਹਫਾ ਪ੍ਰਾਪਤ ਕੀਤਾ ਜਾ ਸਕਦਾ ਹੈ । ਕਿਸੇ ਹੱਦ ਤੱਕ ਥੋੜੀ ਜਿਹੀ ਸੱਚਾਈ ਇਸ ਵਿੱਚ ਮੰਨੀ ਜਾ ਸਕਦੀ ਹੈ। ਜੋ ਵਸਤੂ ਸਾਨੂੰ ਚੰਗੀ ਲਗਦੀ ਹੈ ਤੇ ਅਸੀਂ ਖਰੀਦਣ ਦੀ ਸਮਰੱਥਾ ਵਿੱਚ ਹਾਂ ,ਵਸਤੂ ਦੇ ਮਿਲਣ ਉਪਰੰਤ ਅਸੀਂ ਖੁਸ਼ ਹੋ ਜਾਂਦੇ ਹਾਂ । ਪਰ ਇਹ ਖੁਸ਼ੀ ਸਦੀਵੀ ਨਹੀਂ ਹੋ ਸਕਦੀ। ਰਾਜਾ ਮਿਦਾਸ ਦੀ ਕਹਾਣੀ ਤੋਂ ਤਾਂ ਸਾਰੇ ਜਾਣੂ ਹੋਣਗੇ ਕਿ ਉਸ ਨੇ ਰੱਬ ਤੋਂ ਵਰਦਾਨ ਮੰਗਿਆ ਸੀ ਕਿ ਉਹ ਜਿਸ ਵੀ ਚੀਜ਼ ਨੂੰ ਹੱਥ ਲਾਵੇ ਉਹ ਸੋਨੇ ਦੀ ਹੋ ਜਾਵੇ। ਵਰਦਾਨ ਮਿਲਣ ਉਪਰੰਤ ਉਹ ਜਿਸ ਵੀ ਵਸਤੂ ਨੂੰ ਛੁਹੰਦਾ ਉਹ ਸੋਨੇ ਦੀ ਹੋ ਜਾਂਦੀ ਤੇ ਰਾਜਾ ਬਹੁਤ ਖੁਸ਼ ਹੋ ਜਾਂਦਾ ਤੇ ਉਸ ਦਿ ਖੁਸ਼ੀ ਦਾ ਕੋਈ ਟਿਕਾਣਾ ਨਾ ਰਹਿੰਦਾ। ਇੱਕ ਦਿਨ ਕੀ ਭਾਣਾ ਵਰਤਿਆ ਕਿ ਉਸ ਦੀ ਬੇਟੀ ਬਾਹਰੋਂ ਦੌੜਦੀ ਦੌੜਦੀ ਆਈ ਤੇ ਉਸ ਨੇ ਰਾਜੇ ਨੂੰ ਗਲਵਕੜੀ ਪਾ ਲਈ, ਬੱਸ ਫਿਰ ਕੀ ਸੀ ,ਓਹ ਵੀ ਸੋਨੇ ਦੀ ਬਣ ਗਈ। ਰਾਜੇ ਦੀ ਤਾਂ ਭਾਅ ਦੀ ਬਣ ਗਈ , ਉਹ ਤਾਂ ;ਜ਼ਾਰੋ ਜ਼ਾਰ ਰੋਣ ਲਗ ਪਿਆ ਤੇ ਕੁਰਲਾਉਣ ਲਗ ਪਿਆ ਕਿ ਹੇ ਰੱਬ ਜੀ ਆਪਣਾ ਵਰਦਾਨ ਵਾਪਿਸ ਲੈ ਲਉ ਜੀ। ਸੋ ਉਹ ਵਰਦਾਨ ਮਿਲ ਜਾਣ ਤੇ ਵੀ ਖੁਸ਼ ਨਾ ਰਹਿ ਸਕਿਆ।

ਇਸੇਤਰਾਂ ਇੱਕ ਹੋਰ ਕਹਾਣੀ ਜ਼ਹਿਨ ਵਿੱਚ ਆ ਰਹੀ ਹੈ ਕਿ ਇੱਕ ਰਾਜੇ ਨਾਲ ਪਤਾ ਨਹੀਂ ਕੀ ਵਾਪਰਿਆ ਕਿ ਉਹ ਉਦਾਸ ਰਹਿਣ ਲਗ ਪਿਆ,ਖੁਸ਼ ਰਹਿਣਾ ਤਾਂ ਜਿਵੇਂ ਉਸ ਨੂੰ ਭੁੱਲ ਹੀ ਗਿਆ ਹੋਵੇ। ਉਸ ਦਾ ਇਲਾਜ ਹੋਣਾ ਸ਼ੁਰੂ ਹੋ ਗਿਆ । ਦੇਸ਼ੋਂ ਵਿਦੇਸ਼ੋਂ ਹਰ ਕਿਸਮ ਦੇ ਹਕੀਮ ਆਉਣੇ ਸ਼ੁਰੂ ਹੋ ਗਏ ਪਰ ਕੋਈ ਵੀ ਸਫਲ ਨਾ ਹੋ ਸਕਿਆ। ਅਚਾਨਕ ਇੱਕ ਰਮਤਾ ਯੋਗੀ ਉਧਰੋਂ ਨਿਕਲ ਰਿਹਾ ਸੀ। ਰਾਜੇ ਦੇ ਬੰਦੇ ਉਸ ਵੱਲ ਦੌੜੇ ਅਤੇ ਉਸ ਨੂੰ ਰਾਜੇ ਦੀ ਮੁਸ਼ਕਿਲ ਸਥਿਤੀ ਬਾਰੇ ਦੱਸਿਆ। ਯੋਗੀ ਨੇ ਸਭ ਦੇਖ ਕੇ ਕਿਹਾ ਕਿ ਇਸ ਨੂੰ ਕਿਸੇ ਐਸੇ ਵਿਅਕਤੀ ਦੀ ਕਮੀਜ਼ ਪਹਿਨਾਓ ਜਿਸ ਨੂੰ ਕੋਈ ਦੁਖ ਨਾ ਹੋਵੇ ਤੇ ਹਮੇਸ਼ਾਂ ਖੁਸ਼ ਰਹਿੰਦਾ ਹੋਵੇ। ਬਸ ਫਿਰ ਕੀ ਸੀ ਰਾਜੇ ਦੇ ਕਰਮਚਾਰੀ ਇਸਤਰਾਂ ਦੇ ਵਿਅਕਤੀ ਦੀ ਤਲਾਸ਼ ਵਿੱਚ ਨਿਕਲ ਪਏ। ਕੋਈ ਕਿਸੇ ਦਿਸ਼ਾ ਵੱਲ ਤੇ ਕੋਈ ਕਿਸੇ ਦਿਸ਼ਾ ਵੱਲ। ਤੇ ਫਿਰ ਇਕ ਇੱਕ ਕਰਮਚਾਰੀ ਦੀ ਨਜ਼ਰ ਇਕ ਚਰਵਾਹੇ ਵੱਲ ਗਈ। ਉਹ ਬਹੁਤ ਹੱਸ ਰਿਹਾ ਜਾਪਦਾ ਸੀ।

ਜਦੋਂ ਸਾਰੀ ਗਲਬਾਤ ਹੋਈ ਤੇ ਪਤਾ ਲੱਗਾ ਕਿ ਚਰਵਾਹੇ ਨੂੰ ਕੋਈ ਦੁੱਖ ਨਹੀਂ ਸੀ। ਉਪਰੰਤ ਇੱਕ ਕਰਮਚਾਰੀ ਨੇ ਉਸ ਨੂੰ ਰਾਜੇ ਵਾਸਤੇ ਆਪਣੀ ਕਮੀਜ਼ ਦੇ ਦੇਣ ਵਾਸਤੇ ਬੇਨਤੀ ਕੀਤੀ। ਇਸ ਤੇ ਚਰਵਾਹਾ ਠਹਾਕੇ ਮਾਰ ਕੇ ਹੱਸਣ ਲੱਗ ਪਿਆ ਤੇ ਕਹਿਣ ਲੱਗਾ ਕਿ "ਯਾਰਾਂ ਕੋਲ ਤਾਂ ਕਮੀਜ਼ ਹੀ ਨਹੀਂ ਹੈ"ਸੋ ਅਸੀਂ ਸਮਝ ਸਕਦੇ ਹਾਂ ਕਿ ਖੁਸ਼ੀ ਕਿਸੇ ਵੀ ਸ਼ਰਤ ਦੀ ਮੁਥਾਜ਼ ਨਹੀਂ ਹੈ।

ਸਦੀਵੀ ਤੌਰ ਤੇ ਵੀ ਖੁਸ਼ੀ ਹਾਸਿਲ ਕੀਤੀ ਜਾ ਸਕਦੀ ਹੈ। ਇਸ ਵਾਸਤੇ ਸਾਨੂੰ ਕੁਝ ਕੁ ਸਾਵਧਾਨੀਆਂ ਦਾ ਧਿਆਨ ਰੱਖਣਾ ਪੈ ਸਕਦਾ ਹੈ। ਪਹਿਲੀ ਇਹ ਕਿ ਸਾਨੂੰ ਦੂਜਿਆਂ ਦੀ ਨੁਕਤਾਚੀਨੀ ਕਰਨੀ ਛੱਡ ਦੇਣੀ ਚਾਹੀਦੀ ਹੈ। ਦੂਜਿਆਂ ਨਾਲ ਸ਼ਿਕਾਇਤ ਕਰਨ ਤੋਂ ਗੁਰੇਜ਼ ਕਰਨਾ ਹੈ। ਦੂਜੇ ਲੋਕਾਂ ਦੀ ਰੀਸ ਵੀ ਕਰਨ ਦੀ ਕੋਈ ਲੋੜ ਨਹੀਂ ਜਦ ਅਸੀਂ ਸਾਰੇ ਹੈ ਹੀ ਵੱਖੋ ਵੱਖਰੀ ਕਿਸਮਾਂ ਦੇ, ਕੋਈ ਕਿਸੇ ਨਾਲ ਮਿਲਦਾ ਜੁਲਦਾ ਹੀ ਨਹੀਂ ,ਸਾਡੀਆਂ ਲੋੜਾਂ ਤੇ ਵਸੀਲੇ ਵੀ ਵੱਖੋ ਵੱਖ ਹਨ ਤਾਂ ਕਿਉਂ ਕਿਸੇ ਦੀ ਰੀਸ ਕਰਨੀ ਤੇ ਨੁਕਤਾਚੀਨੀ ਕਰਕੇ ਸ਼ਿਕਾਇਤ ਕਰਨੀ। ਅਗਲੀ ਧਿਆਨ ਦੇਣ ਵਾਲੀ ਗਲ ਹੈ ਕਿ ਖੁਸ਼ੀ ਪ੍ਰਾਪਤ ਕਰਨ ਵਾਸਤੇ ਕਿਸੇ ਉਪਰ ਨਿਰਭਰ ਨਹੀਂ ਹੋਣਾ। ਆਪਣੀ ਖੁਸ਼ੀ ਦੇ ਜਿੰਦਰੇ ਦੀ ਚਾਬੀ ਕਿਸੇ ਕੋਲ ਨਹੀਂ ਰੱਖਣੀ ਕਿ ਕੋਈ ਸਾਡੇ ਵਾਸਤੇ ਕੁਝ ਕਰੇ ਤਾਂ ਹੀ ਅਸੀਂ ਖੁਸ਼ ਰਹਿ ਸਕਾਂਗੇ ਨਹੀਂ ਤਾਂ ਨਹੀਂ। ਹਾਂ ਚਿੰਤਾ ਦੀ ਨਗਰੀ ਤੋਂ ਤਾਂ ਦੇਸ਼ ਨਿਕਾਲਾ ਹੀ ਲੈ ਲੈਣਾ ਹੈ। ਉਥੇਜਾਣ ਦੀ ਗਲ ਤਾਂ ਕੀ ਕਰਨੀ ਹੈ ਉਸ ਦਿਸ਼ਾ ਵੱਲ ਮੂੰਹ ਹੀ ਨਹੀਂ ਕਰਨਾ।

ਸਭ ਤੋਂ ਉਪਰ ਹੈ ਕਿ ਸਾਨੂੰ ਪਰਮ ਪਿਤਾ ਪ੍ਰਮਾਤਮਾ ਨਾਲ ਨੇਹੁ ਲਗਾ ਲੈਣਾ ਚਾਹੀਦਾ ਹੈ। ਲੋਕਾਂ ਨੂੰ ਤਾਂ ਖੁਸ਼ ਕਰਨਾ ਬਹੁਤ ਔਖਾ ਕੰਮ ਹੈ ਪਰ ਰੱਬ ਨੂੰ ਖੁਸ਼ ਕਰ ਸਕਦੇ ਹਾਂ, ਆਪਣੇ ਚੰਗੇ ਕੰਮਾਂ ਨਾਲ ਜੋ ਬਹੁਤ ਤਰੀਕਿਆਂ ਨਾਲ ਕੀਤੇ ਜਾ ਸਕਦੇ ਹਨ। ਪ੍ਰਮਾਤਮਾ ਨੂੰ ਹਾਸਿਲ ਕੀਤਾ ਜਾ ਸਕਦਾ ਹੈ ਤੇ ਕਰ ਲੈਣਾ ਚਾਹੀਦਾ ਹੈ। ਇਹ ਸੱਚ ਹੀ ਹੈ ਸਭੇ ਥੋਕ ਪ੍ਰਾਪਤੇ ਜੇ ਆਵੈ ਇਕੁ ਹਥਿ।

ਕਹਿਣ ਨੂੰ ਤਾਂ ਖੁਸ਼ੀ ਇੱਕ ਸ਼ਬਦ ਹੀ ਹੈ ਪਰ ਬਹੁਤ ਵਿਸ਼ਾਲ ਅਰਥ ਹਨ ਇਸ ਦੇ ਤੇ ਬਹੁਤ ਕੀਮਤ ਹੈ ਇਸ ਦੀ। ਦੁਨੀਆਂ ਵਿੱਚ ਕੋਈ ਵਿਰਲਾ ਹੀ ਹੋਵੇਗਾ ਜੋ ਖੁਸ਼ ਨਹੀਂ ਰਹਿਣਾ ਚਾਹੁੰਦਾ ਹੋਵੇਗਾ। ਮੁਸ਼ਕਿਲ ਬਸ ਇਹੀ ਹੈ ਕਿ ਅਸੀਂ ਖੁਸ਼ ਰਹਿਣਾ ਨਹੀਂ ਜਾਣਦੇ। ਜਦੋਂ ਅਸੀਂ ਖੁਸ਼ ਰਹਿਣਾ ਸਿੱਖ ਜਾਈਏ ਤਾਂ ਇਸ ਨੂੰ ਸਦੀਵੀ ਤੌਰ ਤੇ ਸਾਂਭ ਕੇ ਰੱਖ ਲੈਣਾ ਚਾਹੀਦਾ ਹੈ। ਤਾਂ ਹੀ ਤਾਂ ਕਿਹਾ ਗਿਆ ਹੈ ਕਿ ਦੁੱਖ ਵੰਡਣ ਨਾਲ ਅੱਧੇ ਰਹਿ ਜਾਂਦੇ ਹਨ ਤੇ ਖੁਸ਼ੀਆਂ ਵੰਡਣ ਨਾਲ ਦੁਗਣੀਆਂ ਹੋ ਜਾਂਦੀਆਂ ਹਨ।

ਸਾਧਰਣ ਜਿਹਾ ਇੱਕ ਨਿਯਮ ਹੈ ਜਿਸ ਨਾਲ ਸਾਨੂੰ ਚਿੰਮੜ ਜਾਣਾ ਚਾਹੀਦਾ ਹੈ ਉਹ ਇਹ ਕਿ ਜੇ ਅਸੀਂ ਪੂਰਣ ਤੌਰ ਨਾਲ ਅਤੇ ਅੰਦਰੋਂ ਖੁਸ਼ ਹਾਂ ਤਾਂ ਹੀ ਦੂਜੇ ਨੂੰ ਖੁਸ਼ੀ ਦੇ ਸਕਦੇ ਹਾਂ। ਇਸਤਰਾਂ ਇੱਕ ਖੁਸ਼ੀ ਵਾਲਾ ਮਾਹੌਲ ਪੈਦਾ ਕਰ ਸਕਦੇ ਹਾਂ ਤੇ ਸਕਾਰ-ਾਤਮਕ ਲਹਿਰਾਂ ਹਰ ਪਾਸੇ ਫੈਲਾ ਸਕਦੇ ਹਾਂ। ਇਸ ਨੂੰ ਅਸੀਂ ਆਪਣੇ ਅੰਦਰੋ ਹੀ ਲੱਭ ਸਕਦੇ ਹਾਂ ;ਸਾਂਭ ਕੇ ਵੀ ਰੱਖ ਸਕਦੇ ਹਾਂ ਤੇ ਵੰਡ ਵੀ ਸਕਦੇ ਹਾਂ।


## ਸ਼ਰਾਬੀ ਪਤੀ ਨੇ ਕੁੱਟ-ਕੁੱਟ ਕੇ ਪਤਨੀ ਮਾਰ ਦਿੱਤੀ

ਟਾਂਡਾ ਉੜਮੁੜ, 3 ਜੂਨ (ਪੋਸਟ ਬਿਊਰੋ)- ਹਲਕਾ ਉੜਮੁੜ ਦੇ ਪਿੰਡ ਤਲਵੰਡੀ ਡੱਡੀਆਂ ਵਿਖੇ ਨਸ਼ੇੜੀ ਪਤੀ ਨੇ ਆਪਣੀ ਮਾਂ ਦੀ ਸ਼ਹਿ ਉੱਤੇ ਪਤਨੀ ਨਾਲ ਕੁੱਟਮਾਰ ਕਰ ਕੇ ਉਸ ਨੂੰ ਜਾਨੋਂ ਮਾਰ ਦਿੱਤਾ ਹੈ।

ਮ੍ਰਿਤਕਾ ਦੀ ਪਛਾਣ ਜਸਬੀਰ ਕੌਰ ਪੁੱਤਰੀ ਨਿਰੰਜਣ ਸਿੰਘ (32 ਸਾਲ) ਪਿੰਡ ਬਸੇਵਾ ਥਾਣਾ ਦਸੂਹਾ ਵਜੋਂ ਹੋਈ ਹੈ। ਪੁਲਸ ਨੇ ਜਸਵੀਰ ਕੌਰ ਦੇ ਭਰਾ ਜਗਤਾਰ ਸਿੰਘ ਦੇ ਬਿਆਨਾਂ ਦੇ ਅਨੁਸਾਰਉਸ ਦੇ ਪਤੀ ਸੁਖਵਿੰਦਰ ਸਿੰਘ ਤੇ ਸੱਸ ਗੁਰਮੀਤ ਕੌਰ ਪਤਨੀ ਬਲਵਿੰਦਰ ਸਿੰਘ ਪਿੰਡ ਤਲਵੰਡੀ ਡੱਡੀਆਂ ਉੱਤੇ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005



AZ Tractor trailer program
Manual transmission & backup training everyday
We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# Say no to Tobacco



Surjit Singh Flora




World Tobacco Free Day is celebrated on May 31 every year under the auspices of the World Health Organization (WHO). The purpose is to reduce and prevent all forms of tobacco consumption by creating awareness among the people.

The number of people who die from smoking in the world is more than seven million annually, of which about six million die from direct tobacco use. Of these, one million people do not use tobacco themselves but die from infectious diseases caused by exposure to tobacco. Everyone has the right to do whatever they want or like to do. If you are determined enough, it doesn't matter what people might say to change your mind, but you may look back at the end of your life and hope you have accepted their advice. I have met many people, and I think smoking is one of the worst things about the body. I have seen people die of emphysema; their lungs are filled with fluid, they have difficulty breathing, and live on oxygen for many years. They have to be tied to that tank because this is actually their lifeline. Even with oxygen, they struggle. Feet panted like a fish. But those are the lucky few.

The less fortunate ones are those who suffer from lung or esophageal cancer, throat cancer and oral cancer. The tumour will be removed so that they have holes on the side of their faces, no jaws, half of their necks disappear, and their faces become larger. All these situations come from smoking. The radiating smell, rotting meat-boiled tumours from the inside out, and the chemical action made people look like walking corpses. The patient coughs up blood and does not stop sputum. I am sorry if my description is harsh; this is true. I saw it with my own eyes. I never smoke, and I never smoke. Do I have bad habits? Of course, we all have a bad habit or another bad habit.

If we look into the research, more than 100.3 million people worldwide use tobacco, of which about 80 percent live in low- and middle-income countries, where the risk of tobacco-related diseases and death is high.

According to a new study by the Canadian Conference Committee, more than 45,400 people in Canada died from smoking. In 2012, this habit caused 16.2 billion dollars in economic losses. These costs include health care, tobacco law enforcement, lost productivity and life lost due to smoking. Health care alone costs Canada 6.5 billion Canadian dollars. Although the smoking rate in Canada is declining, the number of deaths and economic costs continue to rise.

In 2002, about 17% of deaths were due to smoking, 20% in males and 12% in females. Each day, 100 Canadians die of a smoking-related illness. In 2014, data from the Health ministry showed 11.6 per cent of adults (2.5 million, mainly men) used tobacco products, and 10 per cent were 13 to 15 years old (nearly 13 per cent of boys and seven per cent of girls). The WHO has set the overall prevalence of tobacco use at 11.8 per cent in 2018. Please note that the figures for daily tobacco use vary.

Tobacco users who die at a young age leave behind a mountain of misery for their families. We can save about 100 million lives by reducing tobacco use by 20 to 25 per cent. But that is only possible if we mobilize against smoking. Although the government has banned tobacco use in public places, it has not yet been completely stopped.

Although our country has an anti-tobacco law for anyone under 18, it should be enforced. If the epidemic is not stopped, the number of deaths will increase to 80 000 every year by 2030. About 80 per cent of these deaths will be in poor countries.

The World No Tobacco Day 2021 theme is 'Commit to Quit.' This campaign encourages people to quit tobacco for a healthier life.

# Let's save our environment

BY: Surjit Singh Flora

World Environment Day is on June 5. The theme of World Environment Day 2021 is "Ecosystem restoration."

What is Ecosystem Restoration?

Restoration Ecology is the science and art of rejuvenating the overexploited ecosystems to help regain their ecological function. Restoring ecosystems means "helping to restore ecosystems that have been degraded or destroyed." The ecosystem can be restored in many ways. Planting trees is one of the easiest and best ways of caring for the environment.

People also need to eliminate pressures on the environment. Urban and rural landscapes have different ways to adapt and restore ecosystems. It also includes the conservation of the ecosystems that are fragile or still intact.

This year, Pakistan will become the global host country for World Environment Day. This event will launch the United Nations Decade of Ecosystem Restoration.

Also, the United Nations must raise environmental issues, such as deforestation, food waste, global warming, air pollution, etc., in order to raise people's awareness of the environment. At the same time, create a national awareness of environmental protection. There are many ways to protect the environment, such as promoting energy production through solar energy, focusing on forest management, reducing the impact of greenhouse gases, planting gardens, and using hydropower to increase power generation. To this end, just celebrate World Environment Day.

World Environment Day is one of the greatest days in which we save our environment from various environmental challenges worldwide and encourage people all over the world.

World Environment Day is celebrated every year, but the world not only takes the name of declining pollution levels, but pollution levels are increasing every year.

This year, there has been some reduction in pollution due to the covid-19 pandemic in the world that led to the blocking situation in 2020-21.

Although this deficiency is temporary, we can improve our environment if we become aware of nature. One day in the name of the surrounding air, water and climate, how can the environmental disturbances that we create throughout the year be rectified in one day? A slight improvement in your year-round habits is essential to overcoming year-round distractions. If our small efforts in the environment continue throughout the year, the environment will be refined.

Let's look at some of how the environment works and what we can do for our environment.

Reuse: Pay attention to the garbage used in the house; you will see various things in it. Paper, plastic, glass and even daily kitchen waste.

Try to give the garbage that can be sold to the scavenger. From there, they take the old stuff to the recycling center and then make new things from these and reach you. Recycled plastic is used to make new goods. Paper, glass and metal products are also recycled.

Late dispersal of waste by dumping it in the rubbish bin continues to damage the soil, water and air.

Reuse: Almost everything can be reused. Try to buy reusable materials such as glass, paper, plastic or metal. All of these things can be reused. Empty jugs, bottles, broken glasses and many other items made of glass, old newspapers, waste paper, cardboard, which are no longer needed, should all be recycled and so they can be reused.

Power cuts: Global warming is a significant concern at the moment. The things we are using on the earth are constantly raising the temperature. The main reason for the rise in temperature is the smoke coming out of the factories. We can't stop it, but we can change our needs a little bit. Minimize daytime lighting in your home. If it is dark in a room, opening a window can light up that room. Turn off all electrical appliances in the house with the main button on the way out. In this way, electricity bills will be reduced, and coal will not have to be used to generate more electricity.

Reuse: Plastic bags are more polluting in cities and recycle old cloth bags. A cloth bag is often reused. Instead of throwing away an old thing, think about using it a second time. Making a new product by recycling an old product also consumes energy and is a better alternative to using the same tool repeatedly.

Reducing water consumption: Water is life. Over time, clean and fresh water becomes more and more valuable. Whenever you brush, turn off the tap, use the least amount of water while bathing, Use the washing machine only when there are too many clothes.

Oil and paint should not be dumped in drains because it eventually pollutes the sea through rivers.

Also, plant a plant and take responsibility for growing it. Wiping away the dust on the old bulb will work in the room with only one bulb instead of two.

Install solar water heater in the house. Use its hot water to wash the dishes.

Also, if you spend money on all kinds of room fresheners and air purifiers, wait, you have an absolutely free alternative. It is better to open the doors and windows of the room for a while than to apply room freshener repeatedly.

Not only that, stop buying products sold in plastic bottles or containers as far as possible. Buy products found in a glass or metal containers instead.

Do not use plastic polythene while doing the grocery and shopping; instead, use a cloth bag.


Also, while celebrating any birthday, wedding, anniversary at home, we should use household utensils or leaves instead of disposable plates.

Lastly, animal birds also have equal rights on this earth. Therefore, we should not destroy tree plants around their habitat. Show kindness to the creature.


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224





KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'

EXCLUSIVE FOR SALE IN WOODSTOCK



FOR SALE
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'


3+1 bdrms with finished Basement




Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

# ਆਪਣੇ ਆਗੂ ਦੇ ਅਕਸ ਦਾ ਫਿਕਰ ਕਰਨ ਵਾਲਿਆਂ ਨੂੰ ਦੇਸ਼ ਦੇ ਅਕਸ ਦਾ ਫਿਕਰ ਹੀ ਕੋਈ ਨਹੀਂ



ਜਤਿੰਦਰ ਪੰਨੂ

ਭਾਰਤ ਦੀ ਸਰਕਾਰ ਇਸ ਵਕਤ ਕੁਝ ਸੰਸਾਰ ਪੱਧਰ ਦੀਆਂ ਸੋਸ਼ਲ ਮੀਡੀਆ ਕੰਪਨੀਆਂ ਨਾਲ ਕਾਨੂੰਨੀ ਖਿੱਚੋਤਾਣ ਵਿੱਚ ਉਲਝੀ ਹੋਈ ਹੈ। ਇਸ ਖਿੱਚੋਤਾਣ ਦੇ ਕੁਝ ਪੱਖ ਠੀਕ ਮੰਨੇ ਜਾ ਸਕਦੇ ਹਨ ਤੇ ਕੁਝ ਸਿਰਫ ਇਸ ਲਈ ਬਣਾਏ ਗਏ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਾਟੜਿਆਂ ਨੂੰ ਲੱਗਦਾ ਹੈ ਕਿ ਜੇ ਇਨ੍ਹਾਂ ਕੰਪਨੀਆਂ ਨੂੰ ਲਗਾਮ ਨਾ ਦਿੱਤੀ ਗਈ ਤਾਂ ਸਾਡੇ ਨੇਤਾ ਦੇ ਅਕਸ ਨੂੰ ਢਾਹ ਲੱਗਦੀ ਰਹੇਗੀ। ਗੱਲ ਏਥੋਂ ਵਿਗੜੀ ਸੀ ਕਿ ਭਾਰਤ ਵਿੱਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੇ ਬੜਬੋਲੇ ਆਗੂ ਸੰਬਿਤ ਪਾਤਰਾ ਨੇ ਕਾਂਗਰਸ ਪਾਰਟੀ ਦੇ ਖਿਲਾਫ ਇੱਕ ਟਵੀਟ ਕਰ ਦਿੱਤਾ ਤੇ ਕਾਂਗਰਸ ਨੇ ਉਸ ਟਵੀਟ ਦੇ ਖਿਲਾਫ ਟਵਿੱਟਰ ਕੰਪਨੀ ਨੂੰ ਸ਼ਿਕਾਇਤ ਕਰ ਦਿੱਤੀ। ਟਵਿੱਟਰ ਕੰਪਨੀ ਨੇ ਸੰਬਿਤ ਦੇ ਟਵੀਟ ਦੀ ਜਾਂਚ ਕਰ ਕੇ ਉਸ ਨਾਲ ਬਿੱਲਾ ਟੰਗ ਦਿੱਤਾ ਕਿ ਇਹ ਟਵੀਟ ਛੇੜ-ਛਾੜ ਕੀਤੇ ਗਏ ਤੱਥਾਂ ਵਾਲਾ ਹੈ। ਏਨੀ ਗੱਲ ਤੋਂ ਭਾਰਤ ਸਰਕਾਰ ਤੇ ਉਸ ਦੀ ਅਗਵਾਨੂੰ ਪਾਰਟੀ ਆਪਣੇ ਬੰਦੇ ਦਾ ਬਚਾਅ ਕਰਨ ਲਈ ਟਵਿੱਟਰ ਕੰਪਨੀ ਨੂੰ ਸਬਕ ਸਿਖਾਉਣ ਤੇ ਬਾਕੀ ਸੋਸ਼ਲ ਮੀਡੀਆ ਕੰਪਨੀਆਂ ਨੂੰ ਅਕਲ ਵੰਡਣ ਤੁਰ ਪਈਆਂ ਕਿ ਭਾਰਤ ਵਿੱਚ ਕੰਮ ਕਰਨਾ ਹੈ ਤਾਂ ਭਾਰਤ ਸਰਕਾਰ ਚਲਾਉਣ ਵਾਲੀ ਸਿਆਸੀ ਧਿਰ ਦੀ ਟੀਮ ਜੋ ਮਰਜ਼ੀ ਕਰੇ, ਉਸ ਦਾ ਰਸਤਾ ਕੱਟਣ ਦੀ ਅੱਗੇ ਤੋਂ ਜੁਰਅੱਤ ਨਾ ਕਰਿਓ।

ਭਾਜਪਾ ਨੂੰ ਆਪਣੇ ਆਗੂਆਂ ਦੇ ਆਗੂ ਪ੍ਰਧਾਨ ਮੰਤਰੀ ਦੇ ਅਕਸ ਦਾ ਬੜਾ ਫਿਕਰ ਹੈ ਅਤੇ ਉਸ ਦੇ ਜੀ-ਹਜ਼ੂਰੀਆਂ ਦਾ ਫਿਕਰ ਵੀ ਬਹੁਤ ਹੈ, ਏਸੇ ਲਈ ਸੰਬਿਤ ਪਾਤਰਾ ਦੇ ਮੁੱਦੇ ਨੂੰ ਦੇਸ਼ ਦਾ ਮੁੱਦਾ ਬਣਾ ਦਿੱਤਾ ਗਿਆ ਹੈ। ਆਗੂ ਦਾ ਅਕਸ ਠੀਕ ਹੋਣਾ ਚਾਹੀਦਾ ਹੈ, ਇਹ ਗੱਲ ਹਰ ਕੋਈ ਮੰਨਦਾ ਹੈ, ਪਰ ਜਦੋਂ ਕੋਈ ਆਗੂ ਆਪਣੇ ਦੇਸ਼ ਦੇ ਉਨ੍ਹਾਂ ਲੋਕਾਂ ਨੂੰ ਭੁਲਾ ਕੇ ਅਸਮਾਨੀ ਉਡਾਰੀਆਂ ਲਾਉਂਦਾ ਫਿਰਦਾ ਹੋਵੇ, ਜਿਨ੍ਹਾਂ ਨੇ ਉਸ ਨੂੰ ਰਾਜ ਬਖਸ਼ਿਆ ਹੈ ਤਾਂ ਜਿਹੜੇ ਮਰਜ਼ੀ ਲੁਕਮਾਨੀ ਨੁਸਖੇ ਵਰਤੇ ਜਾਣ, ਆਗੂ ਦੇ ਅਕਸ ਨੂੰ ਢਾਹ ਲੱਗਦੀ ਨਹੀਂ ਰੋਕੀ ਜਾ ਸਕਣੀ। ਨਰਿੰਦਰ ਮੋਦੀ ਦੇ ਅਕਸ ਨੂੰ ਇਸ ਵਕਤ ਉਸ ਦੇ ਅਮਲਾਂ ਨਾਲ ਢਾਹ ਲੱਗ ਰਹੀ ਹੈ। ਸੱਚਾਈ ਮੰਨਣ ਦੀ ਥਾਂ ਉਸ ਦੇ ਚਹੇਤਿਆਂ ਦੀ ਟੀਮ ਸੰਸਾਰ ਦੇ ਲੋਕਾਂ ਤੱਕ ਹਕੀਕੀ ਸੂਚਨਾਵਾਂ ਪਹੁੰਚਣ ਤੋਂ ਰੋਕਣ ਦੇ ਪ੍ਰਬੰਧ ਕਰਨ ਤੁਰ ਪਈ ਹੈ। ਇਸ ਨਾਲ ਅਕਸ ਹੋਰ ਵਿਗੜੇਗਾ। ਕੁਝ ਕਰਨਾ ਚਾਹੁੰਦੀ ਹੈ ਤਾਂ ਸਰਕਾਰ ਨੂੰ ਉਹ ਰਿਕਾਰਡ ਵੇਖਣਾ ਚਾਹੀਦਾ ਹੈ, ਜਿਹੜਾ ਵੱਡੇ ਆਗੂ ਦੇ ਅਕਸ ਨੂੰ ਢਾਹ ਲਾਉਂਦਾ ਹੈ।

ਰਿਕਾਰਡ ਵੇਖਣਾ ਹੋਵੇ ਤਾਂ ਬਹੁਤੀਆਂ ਫਾਈਲਾਂ ਫੋਲਣ ਦੀ ਲੋੜ ਨਹੀਂ, ਸਿਰਫ ਤਿੰਨ ਗੱਲਾਂ ਤੋਂ ਨਿਬੇੜਾ ਹੋ ਸਕਦਾ ਹੈ। ਇਨ੍ਹਾਂ ਵਿੱਚੋਂ ਦੋ ਮੁੱਦੇ ਇਸ ਵੱਡੇ ਆਗੂ ਦੇ ਆਪਣੇ ਮੂੰਹੋਂ ਕੀਤੇ ਵਾਅਦਿਆਂ ਉੱਤੇ ਅਮਲ ਦੀ ਅਣਹੋਂਦ ਦਾ ਨਮੂਨਾ ਪੇਸ਼ ਕਰਦੇ ਹਨ, ਤੀਸਰਾ ਮੁੱਦਾ ਕੋਰੋਨਾ ਦੇ ਕਹਿਰ ਮੌਕੇ ਉਸ ਦੀ ਕਾਰਗੁਜ਼ਾਰੀ ਦਾ ਹੈ। ਸਰਕਾਰ ਤਿੰਨਾਂ ਦੇ ਪੱਖ ਤੋਂ ਜ਼ਿਮੇਵਾਰੀ ਨਿਭਾਉਣ ਵਿੱਚ ਅਸਫਲ ਰਹੀ ਹੈ। ਭਾਜਪਾ ਨੂੰ ਇਸ ਅਸਫਲਤਾ ਦੀ ਨਹੀਂ, ਆਗੂ ਦੇ ਅਕਸ ਦੀ ਚਿੰਤਾ ਹੈ।

ਪਹਿਲਾ ਮੁੱਦਾ ਇਹ ਹੈ ਕਿ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਉਸ ਦੇ ਰਾਜ ਵਿੱਚ ਬੈਂਕਾਂ ਵਿੱਚ ਫਰਾਡ ਹੋਣ ਤੋਂ ਰੋਕੇ ਜਾਣਗੇ ਤੇ ਵਿਦੇਸ਼ ਜਾਂਦੀ ਕਾਲੀ ਕਮਾਈ ਰੋਕ ਕੇ ਚੋਰਾਂ ਨੂੰ ਏਦਾਂ ਦੀ ਨੱਥ ਪਾਈ ਜਾਵੇਗੀ ਕਿ ਦੇਸ਼ ਦੇ ਨਾਗਰਿਕਾਂ ਦਾ ਪੈਸਾ ਲੁੱਟਣ ਬਾਰੇ ਕੋਈ ਸੋਚ ਤੱਕ ਨਹੀਂ ਸਕੇਗਾ। ਇਸ ਵਾਅਦੇ ਦਾ ਸੱਚ ਇਸ ਹਫਤੇ ਸਾਹ-ਮਣੇ ਆ ਗਿਆ ਹੈ। ਭਾਰਤ ਦੇ ਰਿਜ਼ਰਵ ਬੈਂਕ ਨੇ ਮੰਨ ਲਿਆ ਹੈ ਕਿ ਬੈਂਕਾਂ ਨਾਲ ਫਰਾਡ ਦੇ ਕੇਸ ਪਿਛਲੇ ਸਾਲਾਂ ਵਿੱਚ ਵਧ ਗਏ ਹਨ। ਇਸ ਹਫਤੇ ਰਿਜ਼ਰਵ ਬੈਂਕ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਇਹ ਕਹਿੰਦੀ ਹੈ ਕਿ ਸਾਲ 2017-18 ਵਿੱਚ ਭਾਰਤੀ ਬੈਂਕਾਂ ਵਿੱਚੋਂ ਇਕਤਾਲੀ ਹਜ਼ਾਰ ਕਰੋੜ ਰੁਪਏ ਘਪਲੇ ਕਰਨ ਵਾਲਿਆਂ ਨੇ ਕੱਢ ਲਏ ਤੇ ਭਾਰਤ ਸਰਕਾਰ ਕੁਝ ਨਹੀਂ ਕਰ ਸਕੀ। ਅਗਲੇ ਸਾਲ 2018-19 ਵਿੱਚ ਘਪਲੇਬਾਜ਼ਾਂ ਨੇ ਬੈਂਕਾਂ ਵਿੱਚੋਂ ਲੁੱਟ ਹੋਰ ਵਧਾਈ ਤੇ ਸਾਢੇ ਇਕੱਤਰ ਹਜ਼ਾਰ ਕਰੋੜ ਤੋਂ ਟੱਪ ਗਏ। ਅਗਲੇਰੇ ਸਾਲ ਦੇ ਮੁੱਢ ਵਿੱਚ ਕੋਰੋਨਾ ਦੀ ਮਾਰ ਪੈਣ ਲੱਗ ਪਈ ਅਤੇ ਬਹੁਤਾ ਸਮਾਂ ਕਰਫਿਊ ਜਾਂ ਲਾਕਡਾਊਨ ਲੱਗਣ ਨਾਲ ਕੰਮ ਬੰਦ ਹੋਏ ਰਹੇ, ਪਰ ਬੈਂਕਾਂ ਲੁੱਟਣ ਦਾ ਕੰਮ ਇਸ ਦੌਰ ਵਿੱਚ ਵੀ ਪੂਰੇ ਜ਼ੋਰ ਨਾਲ ਹੁੰਦਾ ਰਿਹਾ। ਸਾਲ 2020 ਵਿੱਚ 22 ਮਾਰਚ ਨੂੰ ਪਹਿਲਾ ਜਨਤਾ ਕਰਫਿਊ ਲੱਗਾ ਸੀ, ਉਸ ਤੋਂ ਨੌਂ ਦਿਨ ਬਾਅਦ ਇੱਕ ਅਪਰੈਲ ਨੂੰ ਨਵਾਂ ਵਿੱਤੀ ਸਾਲ ਸ਼ੁਰੂ ਹੋਇਆ ਤੇ ਇਸ ਸਾਲ ਮਾਰਚ 2021 ਨੂੰ ਉਸ ਸਾਲ ਦੇ ਖਤਮ ਹੋਣ ਤੱਕ ਦੇ ਬਾਰਾਂ ਮਹੀਨਿਆਂ ਵਿੱਚ ਬੈਂਕਾਂ ਵਿੱਚੋਂ ਇੱਕ ਲੱਖ ਪਚਾਸੀ ਹਜ਼ਾਰ ਕਰੋੜ ਰੁਪਏ ਚੋਰਾਂ ਨੇ ਕੱਢ ਲਏ, ਪਰ ਦੇਸ਼ ਦਾ ਪ੍ਰਧਾਨ ਮੰਤਰੀ ਜਾਂ ਖਜ਼ਾਨਾ ਮੰਤਰੀ ਆਪਣੇ ਅਕਸ ਦੀ ਚਿੰਤਾ ਕਰਦੇ ਰਹੇ, ਦੇਸ਼ ਦੀ ਦੌਲਤ ਚੋਰੀ ਹੁੰਦੀ ਨਹੀਂ ਰੋਕੀ। ਏਦਾਂ ਦਾ ਮਾਹੌਲ ਹੋਵੇ ਤੇ ਪ੍ਰਧਾਨ ਮੰਤਰੀ ਤੋਂ ਖਜ਼ਾਨਾ ਮੰਤਰੀ ਤੱਕ ਕੋਈ ਵੀ ਜ਼ਿਮੇਵਾਰੀ ਨਾ ਵਿਖਾਉਣ ਤਾਂ ਅਕਸ ਕਿਵੇਂ ਬਚ ਸਕੇਗਾ?

ਦੂਸਰੀ ਗੱਲ ਇਹ ਕਿ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਵੇਲੇ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਵਿੱਚ ਇੱਕ ਸੌ ਤਿਰਾਸੀ ਮੈਂਬਰ ਉਹ ਹਨ, ਜਿਨ੍ਹਾਂ ਉੱਤੇ ਚੋਰੀ, ਡਾਕਾ, ਬਲਾਤਕਾਰ, ਕਤਲ ਆਦਿ ਦੇ ਕੇਸ ਦਰਜ ਹਨ। ਉਸ ਨੇ ਕਿਹਾ ਸੀ ਕਿ ਇਸ ਤੋਂ ਸ਼ਰਮ ਆਉਂਦੀ ਹੈ, ਮੈਂ ਵਿਸ਼ੇਸ਼ ਅਦਾਲਤਾਂ ਬਣਾ ਕੇ ਇੱਕ ਸਾਲ ਦੇ ਅੰਦਰ ਇਨ੍ਹਾਂ ਦੇ ਕੇਸਾਂ ਦਾ ਨਿਪਟਾਰਾ ਕਰਾਂਗਾ, ਦੋਸ਼ੀ ਸਾਬਤ ਹੋਣ ਵਾਲੇ ਜੇਲ੍ਹ ਵਿੱਚ ਜਾਣਗੇ, ਜਿਨ੍ਹਾਂ ਉੱਤੇ ਝੂਠੇ ਕੇਸ ਬਣੇ ਹੋਏ ਹਨ, ਉਨ੍ਹਾਂ ਨੂੰ ਅਦਾਲਤਾਂ ਕਲੀਨ ਚਿੱਟ ਦੇ ਦੇਣਗੀਆਂ। ਉਸ ਤੋਂ ਪਿੱਛੋਂ ਸੱਤ ਸਾਲ ਲੰਘ ਗਏ, ਇੱਕ ਸਾਲ ਵਿੱਚ ਇਨ੍ਹਾਂ ਸਾਰੇ ਕੇਸਾਂ ਦਾ ਨਿਪਟਾਰਾ ਵਿਸ਼ੇਸ਼ ਅਦਾਲਤਾਂ ਤੋਂ ਕੀ ਕਰਵਾਉਣਾ ਸੀ, ਅੱਜ ਤੱਕ ਵਿਸ਼ੇਸ਼ ਅਦਾਲਤਾਂ ਹੀ ਨਹੀਂ ਬਣਾਈਆਂ ਗਈਆਂ। ਇਸ ਹਫਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਆਦੇਸ਼ ਦਿੱਤੇ ਹਨ ਕਿ ਇੱਕ ਹਫਤੇ ਅੰਦਰ ਹਰ ਜ਼ਿਲੇ ਵਿੱਚ ਇੱਕ ਵਿਸ਼ੇਸ਼ ਅਦਾਲਤ ਬਣਾਈ ਜਾਵੇ, ਜਿਹੜੀ ਪਾਰਲੀਮੈਂਟ ਮੈਂਬਰਾਂ ਅਤੇ ਸਾਬਕਾ ਮੈਂਬਰਾਂ ਅਤੇ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਵਿਰੁੱਧ ਚੱਲਦੇ ਕੇਸਾਂ ਦੀ ਸੁਣਵਾਈ ਕਰੇ। ਇਹ ਹੁਕਮ ਹਾਈ ਕੋਰਟ ਨੇ ਇਸ ਕਰ ਕੇ ਦਿੱਤਾ ਹੈ ਕਿ ਇਸ ਬਾਰੇ ਸੁਪਰੀਮ ਕੋਰਟ ਨੇ ਸਭਨਾਂ ਰਾਜਾਂ ਦੀਆਂ ਹਾਈ ਕੋਰਟਾਂ ਨੂੰ ਕਿਹਾ ਸੀ, ਪ੍ਰਧਾਨ ਮੰਤਰੀ ਜਾਂ ਉਸ ਦੀ ਸਰਕਾਰ ਨੇ ਅੱਜ ਤੱਕ ਕੁਝ ਨਹੀਂ ਕੀਤਾ। ਲੋਕ ਕਹਿੰਦੇ ਹਨ ਕਿ ਮੋਦੀ ਸਰਕਾਰ ਨੇ ਇਸ ਕਰ ਕੇ ਕੁਝ ਨਹੀਂ ਸੀ ਕੀਤਾ ਕਿ ਜੇ ਕਰਨ ਲੱਗਦੇ ਤਾਂ ਆਪਣੇ ਬਹੁਤ ਸਾਰੇ ਬੰਦੇ ਇਸ ਵਿੱਚ ਫਸ ਜਾਣੇ ਸਨ।

ਤੀਸਰਾ ਮੁੱਦਾ ਇਸ ਵਕਤ ਚੱਲ ਰਹੀ ਕੋਰੋਨਾ ਵਾਇਰਸ ਦੀ ਮਾਰ ਪੈਣ ਦਾ ਹੈ। ਥਾਲੀਆਂ ਖੜਕਾਉਣ ਤੇ ਤਾੜੀਆਂ ਵਜਵਾਉਣ ਤੋਂ ਲੈ ਕੇ ਘਰਾਂ ਉੱਤੇ ਮੋਮਬੱਤੀਆਂ ਜਗਾਉਣ ਤੱਕ ਦੇ ਸੱਦੇ ਦੇਣ ਵਾਲੇ ਇਸ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਅਸਲ ਵਿੱਚ ਲੋਕਾਂ ਦੀ ਏਨੀ ਕੁ ਚਿੰਤਾ ਹੈ ਕਿ ਲੋਕ ਬਿਮਾਰੀ ਨਾਲ ਮਰਦੇ ਪਏ ਸਨ ਤੇ ਪ੍ਰਧਾਨ ਮੰਤਰੀ ਪੰਜ ਰਾਜਾਂ ਦੀਆਂ ਚੋਣਾਂ ਦੇ ਪ੍ਰਚਾਰ ਵੇਲੇ ਰੈਲੀਆਂ ਵਿੱਚ ਜੁੜੀ ਹੋਈ ਭੀੜ ਨੂੰ ਚੁਟਕੁਲੇ ਸੁਣਾਉਂਦਾ ਫਿਰਦਾ ਸੀ। ਨਤੀਜਾ ਇਸ ਦਾ ਇਹ ਨਿਕਲਿਆ ਕਿ ਉਸ ਦੇ ਚੋਣ ਪ੍ਰਚਾਰ ਸ਼ੁਰੂ ਕਰਨ ਵੇਲੇ ਭਾਰਤ ਦੇ ਲੋਕਾਂ ਦੀਆਂ ਮੌਤਾਂ ਦੀ ਜਿਹੜੀ ਗਿਣਤੀ ਡੇਢ ਲੱਖ ਤੋਂ ਥੋੜ੍ਹੀ ਜਿਹੀ ਉੱਤੇ ਸੀ, ਉਹ ਏਨੀ ਤੇਜ਼ੀ ਨਾਲ ਵਧੀ ਕਿ ਸ਼ਮਸ਼ਾਨ ਘਾਟਾਂ ਵਿੱਚ ਮੁਰਦਿਆਂ ਦੇ ਸੰਸਕਾਰ ਅਤੇ ਕਬਰਿਸਤਾਨਾਂ ਵਿੱਚ ਦਫਨਾਉਣ ਲਈ ਦੋ-ਦੋ ਦਿਨ ਉਡੀਕ ਕਰਨ ਦੀ ਨੌਬਤ ਆ ਗਈ। ਨਾ ਤਾਂ ਇਸ ਸਮੇਂ ਦੌਰਾਨ ਮਰਨ ਵਾਲੇ ਸਾਰੇ ਲੋਕ ਗਿਣੇ ਜਾਣ ਦਾ ਕਿਸੇ ਨੂੰ ਯਕੀਨ ਸੀ, ਨਾ ਕੇਸਾਂ ਦੀ ਪੂਰੀ ਗਿਣਤੀ ਦੱਸੀ ਹੀ ਭਰੋਸੇ ਵਾਲੀ ਜਾਪਦੀ ਸੀ। ਫਿਰ ਵੀ ਜਿੰਨੇ ਅੰਕੜੇ ਮਿਲੇ, ਉਹ ਭਾਰਤ ਸਰਕਾਰ ਦੇ ਸਾਰੇ ਪ੍ਰਬੰਧਾਂ ਅਤੇ ਦਾਅਵਿਆਂ ਦਾ ਨੱਕ ਵੱਢਣ ਵਾਲੇ ਹਨ। ਇਸ ਮਾਰਚ ਦੇ ਅੰਤਲੇ ਦਿਨ ਭਾਰਤ ਵਿੱਚ ਕੋਰੋਨਾ ਦੇ ਕੇਸਾਂ ਦੀ ਗਿਣਤੀ ਇੱਕ ਕਰੋੜ ਬਤਾਲੀ ਲੱਖ ਤੋਂ ਕੁਝ ਉੱਪਰ ਸੀ, ਮਈ ਮੁੱਕਣ ਤੋਂ ਦੋ ਦਿਨ ਪਹਿਲਾਂ ਦੋ ਕਰੋੜ ਅੱਸੀ ਲੱਖ ਟੱਪ ਗਈ ਹੈ। ਕਿੱਥੇ ਚੌਦਾਂ ਮਹੀਨਿਆਂ ਵਿੱਚ ਇਸ ਦੇਸ਼ ਵਿੱਚ ਕੋਰੋਨਾ ਦੇ ਕੇਸ ਡੇਢ ਕਰੋੜ ਤੱਕ ਨਾ ਪਹੁੰਚੇ ਤੇ ਕਿੱਥੇ ਸਿਰਫ ਦੋ ਮਹੀਨਿਆਂ ਵਿੱਚ ਏਨੇ ਹੋਰ ਕੇਸ ਜੁੜ ਗਏ। ਮਾਰਚ ਦੇ ਅੰਤਲੇ ਦਿਨ ਤੱਕ ਭਾਰਤ ਵਿੱਚ ਕੋਰੋਨਾ ਵਾਇਰਸ ਨਾਲ ਹੋਈਆਂ ਮੌਤਾਂ ਦੀ ਗਿਣਤੀ ਇੱਕ ਲੱਖ ਬਾਹਠ ਹਜ਼ਾਰ ਦੱਸੀਦੀ ਸੀ, ਮਸਾਂ ਦੋ ਮਹੀਨੇ ਲੰਘਣ ਦੇ ਬਾਅਦ ਮਈ ਮੁੱਕਣ ਤੋਂ ਦੋ ਦਿਨ ਪਹਿਲਾਂ ਇਹ ਤਿੰਨ ਲੱਖ ਚੌਵੀ ਹਜ਼ਾਰ ਨੂੰ ਜਾ ਪੁੱਜੀ। ਸਾਫ ਹੈ ਕਿ ਮੌਤਾਂ ਹੋਣ ਦਾ ਅੰਕੜਾ ਵੀ ਦੋਂਹ ਮਹੀਨਿਆਂ ਵਿੱਚ ਹੀ ਦੁੱਗਣਾ ਹੋ ਗਿਆ ਹੈ। ਇਹ ਅੰਕੜੇ ਸਾਰਾ ਸੰਸਾਰ ਦੇਖਦਾ ਹੈ। ਜਿਹੜੇ ਅੰਕੜਿਆਂ ਨੂੰ ਸਾਰਾ ਸੰਸਾਰ ਦੇਖਦਾ ਅਤੇ ਸਮਝਦਾ ਹੈ, ਉਨ੍ਹਾਂ ਦੇ ਹੁੰਦਿਆਂ ਇਸ ਦੇਸ਼ ਦੇ ਆਗੂ ਦਾ ਅਕਸ ਪ੍ਰਭਾਵਤ ਕਿਵੇਂ ਨਹੀਂ ਹੋਵੇਗਾ?

ਦਿਨ ਭਾਵੇਂ ਚੰਗੇ ਹੋਣ ਤੇ ਭਾਵੇਂ ਮਾੜੇ, ਉਨ੍ਹਾਂ ਨਾਲ ਪੈਣ ਵਾਲਾ ਅਸਰ ਰੋਕਿਆ ਨਹੀਂ ਜਾ ਸਕਦਾ। ਜਿਹੜੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਆਪਣੇ ਲੋਕਾਂ ਦੇ ਮਰਨ ਦਾ ਫਿਕਰ ਘੱਟ ਤੇ ਆਪਣੇ ਅਕਸ ਦੀ ਚਿੰਤਾ ਵੱਧ ਹੈ, ਉਸ ਬਾਰੇ ਸੰਸਾਰ ਭਰ ਦੇ ਲੋਕਾਂ ਦੀ ਰਾਏ ਸੋਸ਼ਲ ਮੀਡੀਆ ਨਾਲ ਹੀ ਨਹੀਂ, ਦੇਸ਼ ਵਿੱਚ ਮਰਦੇ ਲੋਕਾਂ ਦੇ ਵਾਰਸਾਂ ਦੀਆਂ ਚੀਕਾਂ ਤੇ ਮੱਚਦੇ ਸਿਵਿਆਂ ਦੀਆਂ ਤਸਵੀਰਾਂ ਨਾਲ ਵੀ ਪ੍ਰਭਾਵਤ ਹੁੰਦੀ ਹੈ। ਸੰਸਾਰ ਦੇ ਲੋਕਾਂ ਤੱਕ ਇਹ ਸਭ ਕੁਝ ਸੋਸ਼ਲ ਮੀਡੀਆ ਰਾਹੀਂ ਨਹੀਂ ਪੁੱਜਦਾ ਹੁੰਦਾ, ਉਨ੍ਹਾਂ ਅਖਬਾਰਾਂ ਤੇ ਰੇਡੀਓ ਜਾਂ ਟੀ ਵੀ ਪ੍ਰੋਗਰਾਮਾਂ ਰਾਹੀਂ ਵੀ ਪੁੱਜਦਾ ਹੈ, ਜਿਹੜੇ ਅਜੋਕਾ ਸੋਸ਼ਲ ਮੀਡੀਆ ਉੱਭਰਨ ਤੋਂ ਬਹੁਤ ਪਹਿਲਾਂ ਤੋਂ ਲੋਕਾਂ ਨੂੰ ਦੱਸਦੇ ਆਏ ਹਨ ਅਤੇ ਅੱਜ ਤੱਕ ਸੋਸ਼ਲ ਮੀਡੀਆ ਤੋਂ ਵੱਧ ਭਰੋਸੇ ਵਾਲੇ ਮੰਨੇ ਜਾਂਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਕਸ ਲਈ ਫਿਕਰਮੰਦ ਉਸ ਦੀ ਟੀਮ ਕਿਸੇ ਵਾਸ਼ਿੰਗਟਨ ਪੋਸਟ ਜਾਂ ਵਲੈਤ ਤੋਂ ਛਪਦੇ 'ਦ ਗਾਰਡੀਅਨ' ਅਤੇ ਏਦਾਂ ਦੇ ਹੋਰ ਅਖਬਾਰਾਂ ਨੂੰ ਛਪਣ ਤੋਂ ਨਹੀਂ ਰੋਕ ਸਕੇਗੀ। ਇਸ ਲਈ ਬਿਹਤਰ ਹੈ ਕਿ ਸਥਿਤੀ ਦਾ ਖੁਲਾਸਾ ਹੋਣ ਤੋਂ ਰੋਕਣ ਲਈ ਸੋਸ਼ਲ ਮੀਡੀਆ ਨਾਲ ਪੇਚਾ ਪਾਉਣ ਦੀ ਥਾਂ ਦੇਸ਼ ਦੇ ਉਨ੍ਹਾਂ ਹਾਲਾਤ ਨੂੰ ਸੁਧਾਰਿਆ ਜਾਵੇ, ਜਿਹੜੇ ਕਿਸੇ ਵੀ ਤਰ੍ਹਾਂ ਲੁਕਾਏ ਨਹੀਂ ਜਾ ਸਕਦੇ ਅਤੇ ਲੁਕਾਏ ਵੀ ਕਦੇ ਨਹੀਂ ਜਾ ਸਕਣੇ।

## ਚੁਬੱਚੇ ਵਿੱਚ ਨਹਾਉਣ ਦਾ ਨਜ਼ਾਰਾ ਕੁਝ ਹੋਰ ਹੀ ਹੁੰਦਾ ਸੀ

-ਜਸਵੀਰ ਸ਼ਰਮਾ-

ਸਾਡੀ ਅਜੋਕੀ ਮਾਣਮੱਤੀ ਨੌਜਵਾਨ ਪੀੜ੍ਹੀ ਨੂੰ ਚੁਬੱਚੇ ਸ਼ਬਦ ਦਾ ਹੀ ਪਤਾ ਨਹੀਂ, ਕਿਉਂਕਿ ਆਪਾਂ ਸਾਰੇ ਜਦ ਛੋਟੇ ਹੁੰਦਿਆਂ ਪੜ੍ਹਦੇ ਸਾਂ ਤਾਂ ਕਾਇਦੇ ਉਤੇ ਊਠ ਦੀ ਫੋਟੋ ਵੇਖ ਕੇ ਬੋਤਾ ਕਹਿੰਦੇ ਸਾਂ। ਇਸ ਲਈ ਇਹ ਕੋਈ ਦੋ ਰਾਏ ਦੀ ਗੱਲ ਨਹੀਂ ਕਿ ਜੇ ਆਪਾਂ ਅੱਜ ਵਾਲੀ ਅਜੋਕੀ ਪੀੜ੍ਹੀ ਨੂੰ ਚੁਬੱਚੇ ਬਾਰੇ ਪੁੱਛਾਂਗੇ ਤਾਂ ਨਿਰਸੰਦੇਹ ਇਹੀ ਜਵਾਬ ਮਿਲੇਗਾ ਕਿ ਠਹਿਰੋ ਜ਼ਰਾ ਕੁ ਨੈੱਟ ਤੋਂ ਵੇਖ ਕੇ ਦੱਸਦੇ ਹਾਂ, ਕਿਉਂਕਿ ਵੇਲੇ ਇਹੋ ਜਿਹੇ ਆ ਗਏ ਹਨ, ਜੋ ਸਾਡੇ ਵੱਸ ਦੀ ਗੱਲ ਨਹੀਂ। ਜ਼ਮਾਨੇ ਨੇ ਬਹੁਤ ਤਰੱਕੀ ਕੀਤੀ ਹੈ ਤੇ ਸਾਨੂੰ ਵੀ ਜ਼ਮਾਨੇ ਮੁਤਾਬਕ ਢਲਣਾ ਪੈਂਦਾ ਹੈ।

ਖੈਰ ਇਹ ਉਨ੍ਹਾਂ ਸਮਿਆਂ ਦੀਆਂ ਗੱਲਾਂ ਨੇ, ਜਦ ਬੱਚਿਆਂ ਦੇ ਹੱਥਾਂ ਵਿੱਚ ਹਾਲੇ ਮੋਬਾਈਲ ਨਹੀਂ ਸਨ ਆਏ। ਦਿਲ ਪ੍ਰਚਾਵੇ ਦੇ ਸਾਧਨ ਸੀਮਤ ਸਨ। ਮੀਡੀਏ ਨੇ ਖਾਸ ਖੰਭ ਉਦੋਂ ਨਹੀਂ ਸੀ ਖਿਲਾਰੇ, ਕਿਸੇ ਵਿਰਲੇ ਘਰੀਂ ਟੈਲੀਵਿਜ਼ਨ ਹੋਇਆ ਕਰਦੇ ਸਨ, ਅਤੇ ਵੀ ਸੀ ਆਰ ਕਿਰਾਏ ਉਤੇ ਲਿਉਣ ਦਾ ਰਿਵਾਜ ਓਦੋਂ ਸਿਖਰਾਂ ਉਤੇ ਹੁੰਦਾ ਸੀ। ਜਦੋਂ ਵੀ ਸੀ ਆਰ ਲਿਆਉਣਾ ਤਾਂ ਉਹਦੇ ਨਾਲ ਤਿੰਨ-ਤਿੰਨ ਜਾਂ ਚਾਰ-ਚਾਰ ਸੀਡੀਆਂ ਲਿਆਉਣੀਆਂ ਤੇ ਨਾਲ ਜੇ ਟੈਲੀਵਿਜ਼ਨ ਨਾ ਹੋਣਾ ਤਾਂ ਉਹ ਵੀ ਚੁੱਕ ਲਿਆਉਣਾ, ਕਿਉਂਕਿ ਕਿਰਾਇਆ ਤਾਂ ਦੇਣਾ ਹੀ ਸੀ। ਜਾਗਦੇ ਵੀ ਸਾਰੀ-ਸਾਰੀ ਰਾਤ ਰਹਿੰਦੇ ਸਾਂ, ਕਹਿਣ ਦਾ ਮਤਲਬ ਕਿ ਕਿਰਾਏ ਦਾ ਪੂਰਾ-ਪੂਰਾ ਲਾਹਾ ਵੀ ਲਈਦਾ ਸੀ ਕਿ ਚੱਲੋ ਦਿਨੇ ਸੌਂ ਲਵਾਂਗੇ।

ਘਰਾਂ ਵਿੱਚ ਪਸ਼ੂ ਰੱਖਣ ਦੇ ਰਿਵਾਜ ਸਨ ਤੇ ਉਨ੍ਹਾਂ ਨੂੰ ਨੇੜੇ ਦੇ ਕਿਸੇ ਛੱਪੜ, ਖਾਲੇ ਜਾਂ ਨੇੜੇ ਚਲਦੀ ਕੱਸੀ ਤੇ ਨਹਿਰ ਵਿੱਚ ਪਾਣੀ ਪਿਆਉਣ ਜਾਂ ਨਹਾਉਣ ਲੈ ਜਾਂਦੇ ਸਾਂ ਤੇ ਆਪ ਵੀ ਖੂਬ ਨਹਾਇਆ ਕਰਦੇ ਸਾਂ। ਕਦੇ ਕਦਾਈਂ ਕਿਸੇ ਦੋਸਤ ਮਿੱਤਰ ਦੇ ਕਿਸੇ ਟਿਊਬਵੈੱਲ ਜਾਂ ਮੋਟਰ ਉਤੇ ਕਈ-ਕਈ ਦੋਸਤਾਂ ਮਿੱਤਰਾਂ ਨੇ ਇਕੱਠੇ ਹੋ ਕੇ ਜਾਣਾ ਤੇ ਜਿਸ ਕਮਰੇ ਵਿੱਚ ਪੀਟਰ ਇੰਜਣ ਜਾਂ ਮੋਟਰ ਲੱਗੀ ਹੋਣੀ, ਉਸ ਤੋਂ ਬਾਹਰ ਚਾਰ ਇੰਚ ਬੋਰ ਦੀ ਪਾਣੀ ਦੀ ਜਿੱਥੇ ਧਾਰ ਪੈਂਦੀ ਸੀ, ਉਥੇ ਚੁਬੱਚਾ ਬਣਾਇਆ ਹੁੰਦਾ ਸੀ। ਪਹਿਲਾਂ ਉਹਦੇ ਵਿੱਚ ਪਾਣੀ ਡਿੱਗਣਾ ਤੇ ਫਿਰ ਅੱਗੇ ਥੋੜ੍ਹੀ ਦੂਰ ਤੱਕ ਪੱਕੀਆਂ ਇੱਟਾਂ ਤੇ ਸੀਮਿੰਟ ਦੀ ਆਡ ਬਣਾਈ ਹੁੰਦੀ ਸੀ ਤੇ ਅੱਗੇ ਖੇਤ ਤੱਕ ਕੱਚੀ ਆੜ ਹੁੰਦੀ ਸੀ। ਉਸ ਵਿੱਚ ਦੀ ਖੇਤਾਂ ਤੱਕ ਪਾਣੀ ਜਾਂਦਾ ਸੀ। ਚੁਬੱਚਾ ਹਮੇਸ਼ਾ ਪਾਣੀ ਦਾ ਭਰਿਆ ਰਹਿੰਦਾ ਸੀ, ਕਿਉਂਕਿ ਕਈ ਵਾਰ ਫਰਿਕਸਵਾਲ ਜਾਂ ਕਹਿ ਲਈਏ ਪੱਖਾ ਪਾਣੀ ਛੱਡ ਜਾਂਦਾ ਸੀ। ਇਸ ਕਰ ਕੇ ਪਾਣੀ ਪਾ ਕੇ ਬੋਰ ਵਿੱਚੋਂ ਪਾਣੀ ਚੁਕਾਉਣਾ ਪੈਂਦਾ ਸੀ। ਇਸ ਲਈ ਚੁਬੱਚੇ ਨੂੰ ਪਾਣੀ ਦਾ ਭਰ ਕੇ ਰੱਖਣ ਦੀ ਕਈਆਂ ਘਰਾਂ ਦੀ ਮਜਬੂਰੀ ਹੁੰਦੀ ਸੀ। ਜਦੋਂ ਫਿਰ ਪਾਣੀ ਚੱਲਦਾ ਤਾਂ ਠੰਢੇ ਠੰਢੇ ਪਾਣੀ ਵਿੱਚ ਪੁੱਠੀਆਂ ਛਾਲਾਂ ਲਾ-ਲਾ ਕੇ ਸ਼ਾਮਾਂ ਤੱਕ ਨਹਾਉਂਦੇ ਹੁੰਦੇ ਸਾਂ। ਬਹੁਤ ਸਾਰੇ ਦੋਸਤਾਂ ਨੇ ਇਕੱਠਿਆਂ ਨਹਾਈ ਜਾਣਾ, ਕੋਈ ਨਿੰਦ ਵਿਚਾਰ ਨਹੀਂ ਸੀ ਹੁੰਦੀ।

ਉਨ੍ਹਾਂ ਸਮਿਆਂ ਦੀ ਤੁਲਨਾ ਅਜੋਕੇ ਸਮਿਆਂ ਨਾਲ ਕਰੀਏ ਤਾਂ ਜ਼ਮੀਨ ਅਸਮਾਨ ਦਾ ਫਰਕ ਆ ਚੁੱਕਾ ਹੈ। ਬੱਚਿਆਂ ਦਾ ਧਿਆਨ ਅੱਜਕੱਲ੍ਹ ਮੋਬਾਈਲ ਵਿੱਚੋਂ ਹਟੇਗਾ ਤਾਂ ਨਹਾਇਆ ਜਾਵੇਗਾ। ਕਈ ਘਰਾਂ ਦੇ ਬੱਚੇ ਮਾਪਿਆਂ ਵੱਲੋਂ ਬਾਹਰੇ ਹੋਏ ਦੋ-ਦੋ, ਤਿੰਨ-ਤਿੰਨ ਦਿਨ ਨਹਾਉਂਦੇ ਹੀ ਨਹੀਂ, ਬੇਸ਼ੱਕ ਸਾਰੇ ਇਸ ਤਰ੍ਹਾਂ ਨਹੀਂ ਕਰਦੇ, ਪਰ ਕਿਤੇ-ਕਿਤੇ ਏਦਾਂ ਜ਼ਰੂਰ ਹੁੰਦੀ ਹੈ। ਇਸ ਲੇਖ ਵਿੱਚ ਬਹੁਤ ਸਾਰੇ ਅਜਿਹੇ ਸ਼ਬਦ ਆਏ ਹਨ, ਜਿਨ੍ਹਾਂ ਦਾ ਅਜੋਕੀ ਪੀੜ੍ਹੀ ਨੂੰ ਕੋਈ ਪਤਾ ਨਹੀਂ, ਜਿਵੇਂ ਖਾਲ, ਕੱਸੀ, ਚੁਬੱਚਾ, ਆਡ ਇਹ ਸਾਰੇ ਪੁਰਖਿਆਂ ਦੇ ਪੁਰਾਤਨ ਸਮੇਂ ਦੇ ਸ਼ਬਦ ਹਨ, ਜਿਨ੍ਹਾਂ ਦੀ ਅਜੋਕੀ ਪੀੜ੍ਹੀ ਨੈੱਟ 'ਤੇ ਸਰਚ ਕਰਦੀ ਵੇਖੀ ਜਾ ਸਕਦੀ ਹੈ। ਜੇ ਸਾਡੇ ਪੁਰਾਣੇ ਬਜ਼ੁਰਗ ਅੱਜ ਬੱਚਿਆਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰਨ ਤਾਂ ਉਹ ਸੁਣ ਕੇ ਹੀ ਰਾਜ਼ੀ ਨਹੀਂ, ਕਿਉਂਕਿ ਉਨ੍ਹਾਂ ਕੋਲ ਮੋਬਾਈਲ ਵਿੱਚੋਂ ਸਮਾਂ ਨਿਕਲੇਗਾ ਤਾਂ ਕੋਈ ਗੱਲ ਸੁਣਨਗੇ ਜਾਂ ਸਮਝਣਗੇ?

# ਇਹ ਸਮਾਂ ਹੰਕਾਰ ਵਿਖਾਉਣ ਅਤੇ ਸਿਆਸਤ ਖੇਡਣ ਦਾ ਨਹੀਂ

-ਕਲਿਆਣੀ ਸ਼ੰਕਰ-

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਕੇਂਦਰ ਦੀ ਮੋਦੀ ਸਰਕਾਰ ਇੱਕ ਦੂਜੇ ਉੱਤੇ ਦੋਸ਼ ਲਾਉਣ ਦਾ ਕੋਈ ਵੀ ਮੌਕਾ ਨਹੀਂ ਛੱਡਦੇ। ਪਿਛਲੇ ਹਫ਼ਤੇ ਆਪਣੀ ਨਾਰਾਜ਼ਗੀ ਪ੍ਰਗਟ ਕਰਨ ਲਈ ਸੂਬੇ ਵਿੱਚ ਸਮੁੰਦਰੀ ਤੂਫਾਨ ਕਾਰਨ ਹੋਈ ਬਰਬਾਦੀ ਦੀ ਸਮੀਖਿਆ ਲਈ ਸੱਦੀ ਗਈ ਬੈਠਕ ਤੋਂ ਮਮਤਾ ਬੈਨਰਜੀ ਬਾਹਰ ਰਹੀ। ਪ੍ਰੋਟੋਕਲ ਦੀ ਇੱਕ ਦੁਰਲੱਭ ਉਲੰਘਣਾ ਵਿੱਚ ਮਮਤਾ ਬੈਨਰਜੀ ਨੇ ਨਰਿੰਦਰ ਮੋਦੀ ਨੂੰ 30 ਮਿੰਟ ਉਡੀਕ ਕਰਵਾਈ। ਉਨ੍ਹਾਂ ਨਾਲ ਸੰਖੇਪ ਮੁਲਕਾਤ ਕੀਤੀ। ਵਿਵੇਚਨਾ ਤੇ ਨੁਕਸਾਨ ਦੇ ਮੁੱਲਾਂਕਣ ਹੋਣ ਦੇ ਵਿਚਾਲੇ ਬੈਠਕ ਛੱਡ ਗਈ। ਇਸ ਸਿਆਸਤ ਨੂੰ ਖੇਡਣ ਲਈ ਭਾਜਪਾ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਰਾਜਨਾਥ ਵਰਗੇ ਕੁਝ ਕੇਂਦਰੀ ਮੰਤਰੀਆਂ ਨੇ ਮਮਤਾ ਦੀ ਆਲੋਚਨਾ ਕੀਤੀ ਹੈ।

ਚੋਣਾਂ ਦੌਰਾਨ ਸਿਆਸੀ ਪਾਰਟੀਆਂ ਵਿਚਾਲੇ ਪੈਦਾ ਹੁੰਦੀ ਕੌੜ ਅਸੀਂ ਸਮਝ ਸਕਦੇ ਹਾਂ। ਪੱਛਮੀ ਬੰਗਾਲ ਵਿੱਚ ਇੱਕ ਵੱਡੀ ਜਿੱਤ ਪਿੱਛੋਂ ਕੌੜ ਵਧੀ ਹੈ ਅਤੇ ਚੋਣਾਂ ਤੋਂ ਬਾਅਦ ਵੀ ਹਿੰਸਾ ਜਾਰੀ ਹੈ ਅਤੇ ਦੋਵਾਂ ਧਿਰਾਂ ਵੱਲੋਂ ਬਦਲੇ ਦੀ ਸਿਆਸਤ ਚੱਲ ਰਹੀ ਹੈ। ਚੋਣਾਂ ਦੇ ਨਤੀਜਿਆਂ ਤੋਂ ਬਾਅਦ ਸੀ ਬੀ ਆਈ ਨੇ ਤ੍ਰਿਣਮੂਲ ਕਾਂਗਰਸ ਦੇ ਚਾਰ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਸਭ ਦੇ ਮੱਥੇ ਉੱਤੇ ਓਦੋਂ ਵੱਟ ਪੈ ਗਏ, ਜਦੋਂ ਕੇਂਦਰ ਸਰਕਾਰ ਨੇ ਪਿਛਲੇ ਹਫ਼ਤੇ ਚੀਫ ਸੈਕਟਰੀ ਉਸ ਸਮੇਂ ਵਾਪਸ ਸੱਦ ਲਿਆ, ਜਦੋਂ ਉਨ੍ਹਾਂ ਦੀ ਸੇਵਾਮੁਕਤੀ ਦਾ ਇੱਕ ਮਹੀਨਾ ਬਾਕੀ ਸੀ। ਜਿਸ ਤਰ੍ਹਾਂ ਮੋਦੀ ਸਰਕਾਰ ਗ਼ੈਰ-ਕਾਂਗਰਸੀ ਮੁੱਖ ਮੰਤਰੀਆਂ ਨਾਲ ਕੋਵਿਡ ਸਮੀਖਿਆ ਦੀਆਂ ਬੈਠਕਾਂ ਵਿੱਚ ਵਤੀਰਾ ਕਰ ਰਹੀ ਹੈ, ਉਸ ਨੂੰ ਲੈ ਕੇ ਮਮਤਾ ਵੱਲੋਂ ਆਲੋਚਨਾ ਜਾਰੀ ਹੈ। ਮਮਤਾ ਦਾ ਕਹਿਣਾ ਹੈ ਕਿ ਸਾਡੀ ਬੇਇੱਜ਼ਤੀ ਕੀਤੀ ਗਈ ਤੇ ਸਾਨੂੰ ਸ਼ਰਮਸਾਰ ਕੀਤਾ ਗਿਆ। ਤਾਨਸ਼ਾਹੀ ਚੱਲ ਰਹੀ ਹੈ। ਪ੍ਰਧਾਨ ਮੰਤਰੀ ਆਪਣੇ ਆਪ ਨੂੰ ਇੰਨੇ ਅਸੁਰੱਖਿਅਤ ਮਹਿਸੂਸ ਕਰਦੇ ਹਨ ਕਿ ਉਹ ਮੁੱਖ ਮੰਤਰੀਆਂ ਨੂੰ ਸੁਣਨਾ ਤੱਕ ਪਸੰਦ ਨਹੀਂ ਕਰਦੇ। ਆਖ਼ਿਰ ਇਹ ਡਰ ਕਿਸ ਗੱਲ ਦਾ ਹੈ?

ਪਿਛਲੇ ਇਤਿਹਾਸ ਉੱਤੇ ਨਜ਼ਰ ਮਾਰੀਏ ਤਾਂ ਅਸੀਂ ਦੇਖਾਂਗੇ ਕਿ ਨਹਿਰੂ ਯੁੱਗ ਵਿੱਚ ਏਦਾਂ ਦਾ ਰਵੱਈਆ ਕਦੇ ਨਹੀਂ ਦੇਖਿਆ ਗਿਆ। ਉਦੋਂ ਵਧੇਰੇ ਥਾਂਈਂ ਕਾਂਗਰਸੀ ਮੁੱਖ ਮੰਤਰੀਆਂ ਦਾ ਰਾਜ ਸੀ। ਉਨ੍ਹਾਂ ਦਾ ਆਪਸ ਵਿੱਚ ਰਿਸ਼ਤਾ ਦੋਸਤਾਨਾ ਸੀ। ਪ੍ਰਧਾਨ ਮੰਤਰੀ ਨਹਿਰੂ ਲਗਾਤਾਰ ਮੁੱਖ ਮੰਤਰੀਆਂ ਦੇ ਸੰਪਰਕ ਵਿੱਚ ਰਹਿੰਦੇ ਸਨ। ਉਹ ਉਨ੍ਹਾਂ ਨੂੰ ਮੌਜੂਦਾ ਮਾਮਲਿਆਂ ਨਾਲ ਨਜਿੱਠਣ ਲਈ ਸੂਚਿਤ ਕਰਦੇ ਰਹਿੰਦੇ ਸਨ। ਨਹਿਰੂ ਤੋਂ ਬਾਅਦ ਲਾਲ ਬਹਾਦੁਰ ਸ਼ਾਸਤਰੀ ਨੇ ਕੁਝ ਸਮੇਂ ਤੱਕ ਸ਼ਾਸਨ ਕੀਤਾ ਅਤੇ ਉਨ੍ਹਾਂ ਨੇ ਪਾਕਿਸਤਾਨ ਨਾਲ ਜੰਗ ਸਮੇਤ ਕਈ ਹੋਰ ਸਮੱਸਿਆਵਾਂ ਝੱਲੀਆਂ। ਕਾਂਗਰਸ ਨੂੰ ਝਟਕਾ 1967 ਦੀਆਂ ਚੋਣਾਂ ਵਿੱਚ ਮਿਲੀ ਸ਼ਰਮਨਾਕ ਹਾਰ ਤੋਂ ਲੱਗਾ। ਇੰਦਰਾ ਗਾਂਧੀ ਨੇ ਸ਼ਾਸਤਰੀ ਤੋਂ ਬਾਅਦ ਦੇਸ਼ ਦੀ ਵਾਗਡੋਰ ਸੰਭਾਲੀ ਸੀ। ਉਸ ਪਿੱਛੋਂ ਗ਼ੈਰ-ਕਾਂਗਰਸੀ ਮੁੱਖ ਮੰਤਰੀਆਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ।

ਤਾਮਿਲ ਨਾਡੂ ਅਜਿਹੀ ਪਹਿਲੀ ਮਿਸਾਲ ਸੀ, ਜਿੱਥੇ ਮੁੱਖ ਮੰਤਰੀ ਕਰੁਣਾਨਿਧੀ ਇੰਦਰਾ ਗਾਂਧੀ ਨਾਲ ਭਿੜ ਗਏ। ਕਰੁਣਾਨਿਧੀ ਦੇ ਦੇਸ਼ ਦੇ ਇੱਕ ਹੋਰ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨਾਲ ਵੀ ਸੰਬੰਧ ਚੰਗੇ ਨਹੀਂ ਸਨ। ਅੰਨਾ ਡੀ ਐਮ ਕੇ ਦੇ ਮੋਢੀ ਅਤੇ ਉਸ ਸੂਬੇ ਦੇ ਉਸ ਵੇਲੇ ਦੇ ਮੁੱਖ ਮੰਤਰੀ ਐਮ ਜੀ ਰਾਮਾਚੰ-ਦਰਨ ਨੇ ਕੇਂਦਰ ਦੇ ਸੱਜੇ ਪਾਸੇ ਰਹਿਣ ਦਾ ਫੈਸਲਾ ਕੀਤਾ। ਇੱਥੋਂ ਤੱਕ ਕਿ ਮੋਰਾਰਜੀ ਦੇਸਾਈ ਸਰਕਾਰ ਵੇਲੇ ਵੀ ਇਹੀ ਗੱਲ ਰਹੀ। ਉਨ੍ਹਾਂ ਦੇ ਇੰਦਰਾ ਗਾਂਧੀ ਨਾਲ ਬੇਹੱਦ ਸੁਖਾਵੇਂ ਰਿਸ਼ਤੇ ਰਹੇ। ਐਮ ਜੀ ਰਾਮਚੰਦਰਨ ਦੀ ਵਾਰਿਸ ਜੈਲਲਿਤਾ ਦੇ ਇੰਦਰਾਂ ਗਾਂਧੀ ਤੇ ਰਾਜੀਵ ਗਾਂਧੀ ਨਾਲ ਦੋਸਤਾਨਾ ਰਿਸ਼ਤੇ ਸਨ, ਪਰ ਨਰਸਿਮ੍ਹਾ ਰਾਓ ਅਤੇ ਭਾਜਪਾ ਦੇ ਪਹਿਲੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨਾਲ ਭਿੜ ਗਈ। ਇੱਥੋਂ ਤੱਕ ਕਿ ਉਨ੍ਹਾਂ ਵਾਜਪਾਈ ਸਰਕਾਰ ਵੀ 1998 ਵਿੱਚ ਡੇਗ ਦਿੱਤੀ। ਉਦੋਂ ਜੈਲਲਿਤਾ ਦੀ ਪਾਰਟੀ ਐਨ ਡੀ ਏ ਦੀ ਸਹਿਯੋਗੀ ਪਾਰਟੀ ਹੁੰਦੀ ਸੀ। ਜੈਲਲਿਤਾ ਨੇ ਓਦੋਂ ਪ੍ਰੋਟੋਕਾਲ ਤੋੜਿਆ ਜਦੋਂ ਉਹ 1999 ਵਿੱਚ ਵਾਜਪਾਈ ਦੀ ਤਾਮਿਲ ਨਾਡੂ ਯਾਤਰਾ ਦੌਰਾਨ ਉਨ੍ਹਾਂ ਨੂੰ ਮਿਲਣ ਨਹੀਂ ਆਈ। ਉਹ ਜਾਣਬੁੱਝ ਕੇ ਚੇਨਈ ਛੱਡ ਕੇ ਚਲੀ ਗਈ। ਪੀ ਵੀ ਨਰਸਿਮ੍ਹਾ ਰਾਓ ਦੇ ਸਮੇਂ ਡਾਕਟਰ ਚੇਨਾ ਰੈਡੀ ਨੂੰ ਤਾਮਿਲ ਨਾਡੂ ਦਾ ਗਵਰਨਰ ਲਾਉਣ ਦੇ ਮਾਮਲੇ ਵਿੱਚ ਜੈਲਲਿਤਾ ਨਾਰਾਜ਼ ਹੋ ਗਈ। ਦੋਵਾਂ ਹੰਕਾਰੀ ਆਗੂਆਂ ਵਿਚਾਲੇ ਸ਼ਬਦਾਂ ਦੇ ਤੀਰ ਚੱਲੇ। ਜੈਲਲਿਤਾ ਨੇ ਗਵਰਨਰ ਦੀ ਵਾਪਸੀ ਦੀ ਮੰਗ ਕੀਤੀ, ਪਰ ਰਾਓ ਨਹੀਂ ਮੰਨੇ। ਆਂਧਰਾ ਪ੍ਰਦੇਸ਼ ਦੇ ਓਦੋਂ ਦੇ ਮੁੱਖ ਮੰਤਰੀ ਐਨ ਟੀ ਰਾਮਾਰਾਓ ਦਾ ਇੰਦਰਾ ਗਾਂਧੀ ਨਾਲ ਜਨਤਕ ਝਗੜਾ ਚੱਲਦਾ ਰਿਹਾ। ਉਨ੍ਹਾਂ 1948 ਵਿੱਚ ਓਦੋਂ ਆਪਣੇ ਵਿਧਾਇਕਾਂ ਨੂੰ ਰਾਸ਼ਟਰਪਤੀ ਸਾਹਮਣੇ ਜਾ ਖੜ੍ਹਾ ਕੀਤਾ ਜਦੋਂ ਇੰਦਰਾ ਗਾਂਧੀ ਨੇ ਰਾਮਾਰਾਓ ਦੀ ਸਰਕਾਰ ਤੋੜੀ ਅਤੇ ਉਨ੍ਹਾਂ ਉੱਤੇ ਉਨ੍ਹਾਂ ਨੂੰ ਮੁੜ ਮੁੱਖ ਮੰਤਰੀ ਬਣਾਉਣ ਦਾ ਦਬਾਅ ਪਾਇਆ ਸੀ।

ਮੋਦੀ ਦੇ ਵੀ ਗ਼ੈਰ-ਭਾਜਪਾ ਮੁੱਖ ਮੰਤਰੀਆਂ ਨਾਲ ਸੁਖਾਵੇਂ ਰਿਸ਼ਤੇ ਨਹੀਂ ਹਨ। ਪਿਛਲੇ ਮਹੀਨੇ ਕੋਵਿਡ ਸਮੀਖਿਆ ਦੀ ਬੈਠਕ ਨੂੰ ਲਾਈਵ ਦਿਖਾਉਣ ਉੱਤੇ ਪ੍ਰਧਾਨ ਮੰਤਰੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉੱਤੇ ਇਤਰਾਜ਼ ਕੀਤਾ। ਉਨ੍ਹਾਂ ਸਿੱਧੇ ਤੌਰ ਉੱਤੇ ਕਿਹਾ ਕਿ ਇਹ ਸਾਡੀ ਪ੍ਰੰਪਰਾ ਅਤੇ ਪ੍ਰੋਟੋਕਾਲ ਦੇ ਵਿਰੁੱਧ ਹੈ।

ਮੁੱਖ ਮੰਤਰੀਆਂ ਅਤੇ ਗਵਰਨਰਾਂ ਵਿਚਾਲੇ ਝੜਪਾਂ ਨਵੀਂ ਗੱਲ ਨਹੀਂ। ਪੱਛਮੀ ਬੰਗਾਲ, ਮਹਾਰਾਸ਼ਟਰ, ਪੁਡੂਚੇਰੀ ਅਤੇ ਦਿੱਲੀ ਕੁਝ ਅਜਿਹੀਆਂ ਮਿਸਾਲਾਂ ਹਨ, ਜਿੱਥੇ ਮੁੱਖ ਮੰਤਰੀਆਂ ਅਤੇ ਰਾਜਪਾਲਾਂ ਵਿਚਾਲੇ ਜੰਗ ਹੋਣੀ ਇੱਕ ਆਮ ਗੱਲ ਹੋ ਗਈ ਹੈ। ਮੋਦੀ ਕੋਆਪਰੇਟਿਵ ਫੈਡਰਲਿਜ਼ਮ ਅਤੇ ਮੁਕਾਬਲੇਬਾਜ਼ ਫੈਡਰਲਿਜ਼ਮ ਦੀਆਂ ਗੱਲਾਂ ਕਰਦੇ ਹਨ। ਇਸ ਦੇ ਨਾਲ ਉਹ 'ਟੀਮ ਇੰਡੀਆ' ਉਤੇ ਵੀ ਜ਼ੋਰ ਦਿੰਦੇ ਹਨ। ਕੋਆਪਰੇਟਿਵ ਫੈਡਰਲਿਜ਼ਮ ਅਜਿਹਾ ਵਿਚਾਰ ਹੈ ਜਿੱਥੇ ਕੇਂਦਰ ਤੇ ਰਾਜਾਂ ਦੇ ਰਿਸ਼ਤੇ ਮਿਲ ਕੇ ਚੱਲਣ ਦੀ ਗੱਲ ਕੀਤੀ ਜਾਂਦੀ ਤੇ ਆਮ ਸਮੱਸਿਆਵਾਂ ਨੂੰ ਹੱਲ ਕਰਨ ਦੀ ਇੱਛਾ ਦੱਸੀ ਜਾਂਦੀ ਹੈ।

ਪਿਛਲੇ ਸਾਲ ਮੋਦੀ ਨੇ ਜਦੋਂ ਕੋਵਿਡ ਰਣਨੀਤੀ ਨੂੰ ਲਾਗੂ ਕਰਨ ਲਈ ਮੁੱਖ ਮੰਤਰੀਆਂ ਕੋਲੋਂ ਸਹਿਯੋਗ ਮੰਗਿਆ ਸੀ ਤਾਂ ਉਹ ਸਫਲ ਸਨ, ਪਰ 2021 ਵਿੱਚ ਵਿਧਾਨ ਸਭਾ ਦੀਆਂ ਚੋਣਾਂ ਮੌਖੇ ਸਿਆਸਤ ਇਨ੍ਹਾਂ ਸਭ ਮੁੱਦਿਆਂ ਉੱਤੇ ਭਾਰੀ ਪੈ ਗਈ। ਗ਼ੈਰ-ਭਾਜਪਾ ਰਾਜਾਂ ਨੇ ਆਕਸੀਜਨ ਤੇ ਵੈਕਸੀਨੇਸ਼ਨ ਦੀ ਕਮੀ ਦੀ ਸ਼ਿਕਾਇਤ ਕੀਤੀ ਅਤੇ ਦਿੱਲੀ ਵਰਗੀ ਸਰਕਾਰ ਤਾਂ ਅਦਾਲਤ ਦੀ ਸ਼ਰਨ ਵਿੱਚ ਵੀ ਚਲੀ ਗਈ। ਨਰਿੰਦਰ ਮੋਦੀ ਜਾਣਦੇ ਹਨ ਕਿ ਉਨ੍ਹਾਂ ਦੀ ਸਭ ਤੋਂ ਵੱਡੀ ਚੁਣੌਤੀ ਖੇਤਰੀ ਪਾਰਟੀ ਹੈ। ਇਹ ਅਜਿਹਾ ਸਮਾਂ ਹੈ ਕਿ ਕੇਂਦਰ ਅਤੇ ਸੂਬੇ ਇਕੱਠੇ ਹੋਣ ਅਤੇ ਆਪਣੀ ਚੋਣ ਮਾਨਸਿਕਤਾ ਤੋਂ ਉਪਰ ਉਠਣ। ਇਹ ਸਮਾਂ ਹੰਕਾਰ ਦਿਖਾਉਣ ਅਤੇ ਸਿਆ-ਸਤ ਖੇਡਣ ਦਾ ਨਹੀਂ ਹੈ।

# ਨੌਜਵਾਨਾਂ ਵਿੱਚ ਮੋਬਾਇਲ ਫ਼ੋਨ ਦਾ ਵੱਧਦਾ ਰੁਝਾਨ

-ਗਗਨਦੀਪ ਧਾਲੀਵਾਲ-

ਦੋਸਤੋ ਅੱਜ ਦਾ ਯੁੱਗ ਵਿਗਿਆਨਿਕ ਯੁੱਗ ਹੈ।ਅਨੇਕਾਂ ਹੀ ਤਕਨੀਕਾਂ ਨੇ ਬਹੁਤ ਕੁੱਝ ਬਦਲ ਦਿੱਤਾ ਹੈ।ਇੱਕ ਛੋਟਾ ਜਿਹਾ ਮੋਬਾਇਲ ਫ਼ੋਨ ਜੋ ਕਿ ਪੂਰੀ ਦੁਨੀਆ ਨੂੰ ਆਪਣੀ ਮੁਠੀ ਵਿੱਚ ਦਬੋਚੀ ਬੈਠਾ ਹੈ।ਇੰਝ ਲੱਗਦਾ ਹੈ ਕਿ ਜਿਵੇ ਕਿ ਅੱਜ ਦੇ ਮਨੁੱਖ ਦੀ ਜ਼ਿੰਦਗੀ ਸਿਰਫ ਮੋਬਾਇਲ ਆਸਰੇ ਹੀ ਚਲਦੀ ਹੈ।ਹਰ ਕੋਈ ਇਨਸਾਨ ਆਪਣੇ ਪਰਿਵਾਰ ਵਾਂਗ ਮੋਬਾਇਲ ਫ਼ੋਨ ਨੂੰ ਪਿਆਰ ਕਰਦਾ ਹੈ ਤੇ ਸੰਭਾਲ਼ ਕੇ ਰੱਖਦਾ ਹੈ।ਇਹ ਅੱਜ ਸਾਡੇ ਜੀਵਨ ਦਾ ਅਟੁੱਟ ਅੰਗ ਬਣ ਗਿਆ ਹੈ।ਮੋਬਾਇਲ ਫ਼ੋਨ ਅੱਜ ਦੇ ਸਮੇਂ ਦੀ ਮੁੱਖ ਜ਼ਰੂਰਤ ਹੈ ।ਇਹ ਤਾ ਹੀ ਹੈ ਜੇਕਰ ਸਹੀ ਤਰੀਕੇ ਨਾਲ ਮੋਬਾਇਲ ਦੀ ਵਰਤੋਂ ਕੀਤੀ ਜਾਵੇ।ਮੋਬਾਇਲ ਫ਼ੋਨ ਨੂੰ ਸੈੱਲਫੋਨ ਵੀ ਕਹਿੰਦੇ ਹਨ।ਇਸਦਾ ਵਿਕਾਸ 1921 ਈ.ਵਿਚ ਅਮਰੀਕਾ ਵਿਚ ਹੋਇਆ।ਡੈਟਰਾਇਟ ਮਿਸ਼ੀਗਨ ਪੁਲਿਸ ਡੀਪਾਰਟਮੈਂਟ ਨੇ ਮੋਬਾਇਲ ਫ਼ੋਨ ਦੀ ਵਰਤੋਂ ਕੀਤੀ ਸੀ।1994 ਈ.ਵਿੱਚ ਭਾਰਤ ਵਿੱਚ ਪਹਿਲੀ ਵਾਰ ਵਰਤੋਂ ਕੀਤੀ ਗਈ।ਲਗਭਗ ਦੁਨੀਆਂ ਦੇ 90% ਵਿਅਕਤੀ ਫ਼ੋਨ ਦੀ ਵਰਤੋਂ ਦੇ ਆਦੀ ਹੋ ਗਏ ਹਨ।ਇਸ ਦੀ ਵਰਤੋਂ ਲਗ-ਪਗ ਸਾਰੇ ਸੰਸਾਰ ਵਿੱਚ ਲੋਕ-ਪ੍ਰਿਆ ਹੋ ਚੁੱਕੀ ਹੈ।ਮੋਬਾਇਲ ਫ਼ੋਨ ਦੇ ਜਿੱਥੇ ਬਹੁਤੇ ਲਾਭ ਹਨ ਉੱਥੇ ਨੁਕਸਾਨ ਵੀ ਹਨ ।ਜਿਆਦਾਤਰ ਨੌਜਵਾਨ ਪੀੜ੍ਹੀ ਵਿੱਚ ਮੋਬਾਇਲ ਦੀ ਵਰਤੋਂ ਸਭ ਤੋ ਵੱਧ ਹੈ।ਅੱਜਕੱਲ ਦੀ ਨੌਜਵਾਨ ਪੀੜੀ ਆਪਣੀ ਸਿਹਤ ਦਾ ਇੰਨਾਂ ਧਿਆਨ ਨਹੀਂ ਰੱਖਦੀ ਜਿੰਨਾ ਕਿ ਮੋਬਾਇਲ ਦਾ।ਕਈ ਨੌਜਵਾਨ ਤਾਂ ਆਪਣੀ ਅਮੀਰੀ ਦਾ ਦਿਖਾਵਾ ਕਰਨ ਲਈ ਵੱਡੇ ਵੱਡੇ ਫ਼ੋਨ ਖਰੀਦਦੇ ਹਨ।ਕਈ ਨੌਜਵਾਨ ਮੁੰਡੇ -ਕੁੜੀਆਂ ਕੋਲ 50,000 ਰੁਪਏ ਤੱਕ ਦੇ ਮੋਬ-ਾਇਲ ਹੱਥਾਂ ਵਿੱਚ ਫੜੇ ਹੁੰਦੇ ਹਨ। ਇਹਨਾਂ ਨੂੰ ਦੇਖ ਗਰੀਬ ਪਰਿਵਾਰ ਦੇ ਬੱਚੇ ਵੀ ਮਹਿੰਗੇ ਫ਼ੋਨਾਂ ਦੀ ਮੰਗ



ਕਰਦੇ ਹਨ ।ਅੱਜ ਕੱਲ ਤਾਂ ਦੋ ਤਿੰਨ ਸਾਲ ਦੇ ਬੱਚੇ ਤੋ ਲੈ ਕੇ ਸਕੂਲਾਂ - ਕਾਲਜਾ ਵਿੱਚ ਪੜਦੇ ਬੱਚਿਆ ਵਿੱਚ ਮੋਬਾਇਲ ਦੀ ਵਰਤੋਂ ਦਾ ਰੁਝਾਨ ਵੱਧ ਰਿਹਾ ਹੈ।ਬੱਚੇ ਸਾਰਾ -ਸਾਰਾ ਦਿਨ ਮੋਬਾਇਲ ਤੇ ਗੇਮਾਂ ਖੇਡਦੇ ਰਹਿੰਦੇ ਹਨ। ਇਸ ਤਰ੍ਹਾਂ ਲੱਗਦਾ ਹੈ,ਜਿਵੇਂ ਅੱਜ ਦੀ ਮਨੁੱਖੀ ਜਿੰਦਗੀ ਮੋਬਾਇਲਾਂ ਦੇ ਆਸਰੇ ਹੀ ਚਲ ਰਹੀ ਹੋਵੇ।ਵਿਦਿਆਰਥੀਆਂ ਦੇ ਜੀਵਨ ਵਿੱਚ ਮੋਬਾਇਲ ਦੀ ਵਰਤੋਂ ਬਹੁਤ ਜਿਆਦਾ ਹੁੰਦੀ ਹੈ।ਅੱਜ ਕਰੋਨਾ ਮਹਾਂਮਾਰੀ ਕਰਕੇ ਲਾਕਡਾਊਨ ਲੱਗਣ ਕਾਰਨ ਆਨ ਲਾਈਨ ਪੜ੍ਹਾਈ ਹੋਣ ਕਾਰਨ ਮੋਬਾਇਲ ਦੀ ਵਰਤੋਂ ਬਹੁਤ ਵੱਧ ਗਈ ਹੈ।ਕਈ ਗਰੀਬ ਦੇ ਬੱਚੇ ਹਨ ਜੋ ਸਮਾਰਟ ਫ਼ੋਨ ਨਹੀ ਲੈ ਸਕਦੇ ਉਹਨਾ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ।ਗਰੀਬ ਮਾਪੇ ਫ਼ੋਨ ਕਿੱਥੋਂ ਲੈਕੇ ਦੇਣ ਜਿੰਨਾ ਨੂੰ ਆਪਣੀ ਦੋ ਡੰਗ ਦੀ ਰੋਟੀ ਦਾ ਫਿਕਰ ਸਤਾਉਦਾ ਰਹਿੰਦਾ ਹੈ।ਹੋਣਹਾਰ ਵਿਦਿ: ਅੱਜ ਪੜ੍ਹਾਈ ਮੋਬਾਇਲ ਫ਼ੋਨ ਦੀ ਵਰਤੋਂ ਕਾਰਨ ਹੀ ਪੜਾਈ ਤੋਂ ਵਾਂਝੇ ਰਹਿ ਰਹੇ ਹਨ।ਆਨ ਲਾਈਨ ਪੜ੍ਹਾਈ ਲਈ ਮਹਿੰਗਾ ਫ਼ੋਨ ਚਾਹੀਦਾ ਹੈ ਜੋ ਕਿ ਗਰੀਬ ਮਾਪਿਆ ਲਈ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ।ਕਿਉਕਿ ਬੱਚਿਆਂ ਨੂੰ ਕਿਤਾਬਾਂ ਦੀ ਪੀ.ਡੀ ਐੱਫ ਤੇ ਸਕੂਲ ਦਾ ਕੰਮ ਹੁਣ ਤਾਂ ਨੈਟ ਤੋਂ ਹੀ ਕੱਢਣਾ ਪੈਦਾ ਹੈ।ਛੋਟੇ-ਛੋਟੇ ਬੱਚੇ ਮੋਬਾਇਲਾਂ ਤੇ ਲੱਗੇ ਰਹਿੰਦੇ ਹਨ।ਜਿਸ ਕਾਰਨ ਉਹਨਾਂ ਦੀ ਸਿਹਤ ਤੇ ਮਾੜਾ ਅਸਰ ਪੈ ਰਿਹਾ ਹੈ। ਬਾਲਗ ਤੇ ਨਾਬਾਲਗ ਮੁੰਡੇ ਕੁੜੀਆਂ ਵੱਲੋਂ ਇਸਦੀ ਵਰਤੋਂ ਜਾਇਜ਼ ਢੰਗ ਨਾਲ ਨਹੀਂ ਕੀਤੀ ਜਾਂਦੀ ਹੈ।ਮੋਬ-ਾਇਲ ਫ਼ੋਨ ਤੇ ਟਾਵਰਾਂ ਵਿੱਚੋਂ ਨਿਕਲਦੀ ਰੇਡੀਓ ਕਿਉਂਸੀ ਰੇਡੀਏਸਨ ਨਾਲ ਕੈਂਸਰ, ਲਿਊਕੈਮੀਆਂ ਅਤੇ ਅਲਜ਼ੀਰੇਜ਼ ,ਖੂਨ ਦਾ ਦਬਾਓ, ਮਾਯੂਸੀ ਤੇ ਆਤਮਘਾਤੀ ਰੁਚੀ ਵਰਗੇ ਲਾਇਲਾਜ ਰੋਗ ਲਗ ਜਾਂਦੇ ਹਨ ।ਫ਼ੋਨ ਨੂੰ ਜਿਆਦਾ ਸੁਣਨ ਕਾਰਨ ਸੁਣਨ ਸ਼ਕਤੀ 'ਤੇ ਮਾੜਾ ਅਸਰ ਪੈਦਾ ਹੈ ।ਅੱਖਾਂ ਦੀ ਨਿਗ੍ਹਾ 'ਤੇ ਅਸਰ ਪੈਦਾ ਹੈ।ਕਈ ਵਾਰ ਨੌਜਵਾਨ ਕਾਰ ,ਮੋਟਰ ਸਾਇਕਲ ਚਲਾਉਦੇ ਸਮੇਂ ਫ਼ੋਨ ਦੀ ਵਰਤੋਂ ਕਰਦੇ ਹਨ ਜਿਸ ਕਾਰਨ ਦੁਰਘਟਨਾ ਦਾ ਸ਼ਿਕਾਰ ਹੋ ਜਾਂਦੇ ਹਨ। ਹੁਣ ਤਾ ਦਸਵੀਂ ,ਬਾਰ੍ਹਵੀਂ ਦੇ ਬੱਚਿਆ ਦਾ ਮੁੱਖ ਸਾਥੀ ਮੋਬਾਇਲ ਹੀ ਬਣਿਆਂ ਹੋਇਆ ਹੈ।ਮੋਬਾਇਲ ਤੇ ਚੱਲਦੀਆਂ ਕੁੱਝ ਐਪਾ ਨੇ ਨੌਜਵਾਨ ਵਰਗ ਨੂੰ ਬਿਲਕੁਲ ਇੱਕ ਨਸ਼ੇ 'ਤੇ ਲਾ ਰੱਖਿਆਂ ਹੈ। ਜਿਵੇ ਪਹਿਲਾ ਚਲਦੀ ਐਪ ਟਿਕ-ਟੋਕ ਨੇ ਛੋਟੇ ਬੱਚੇ ਤੋ ਲੈਕੇ ਬਜ਼ੁਰਗ ਨੂੰ ਵੀ ਸਾਰਾ ਦਿਨ ਵਿਅਸਤ ਕਰ ਦਿੱਤਾ ਸੀ।ਇਸ ਤਰ੍ਹਾਂ ਅੱਜ ਚੱਲ ਰਹੇ ਐਪ ਫੇਸਬੁੱਕ,ਇਨਸਟਾ ਨੇ ਵੀ ਨੌਜਵਾਨ ਪੀੜੀ ਨੂੰ ਭਟਕਣ ਵਿੱਚ ਪਾਇਆ ਹੋਇਆ ਹੈ।ਇਹਨਾਂ ਦੀ ਦੁਰ ਵਰਤੋਂ ਕਾਰਨ ਹੀ ਬੱਚੇ ਪੜਾਈ ਤੋ ਤੇ ਆਪਣੀ ਜਿੰਮੇਵਾਰੀ ਤੋ ਅਵੇਸਲੇ ਹੋ ਰਹੇ ਹਨ।ਮੋਬਾਇਲਾਂ ਨੇ ਆਪਸੀ ਮੇਲ ਜੋਲ, ਪ੍ਰੇਮ- ਪਿਆਰ ਨੂੰ ਵੀ ਘਟਾ ਦਿੱਤਾ ਹੈ ।ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਨੂੰ ਬਹੁਤ ਦੂਰ ਕਰ ਦਿੱਤਾ ਹੈ ਕਿਉਕਿ ਇੱਕ ਤਾਂ ਇਹ ਸਮਾਂ ਬਰਬਾਦ ਕਰਦਾ ਹੈ ਜੋ ਅਸੀਂ ਆਪਣਿਆ ਨੂੰ ਸਮਾਂ ਨਹੀ ਦੇ ਪਾਉਂਦੇ ।ਦੂਜਾ ਇਸਦੀ ਵਰਤੋਂ ਨਾਲ ਰਿਸ਼ਤਿਆਂ ਵਿੱਚ ਦਰਾੜ ਪੈਦੀ ਹੈ।ਅੱਜ ਕੱਲ ਫ਼ੋਨ 'ਤੇ ਬਹੁਤ ਝੂਠ ਬੋਲਿਆਂ ਜਾਂਦਾ ਹੈ।ਜਿਸ ਕਾਰਨ ਰਿਸ਼ਤਿਆਂ ਵਿੱਚ ਦੂਰੀ ਵੱਧ ਰਹੀ ਹੈ। ਮੋਬਾਇਲ ਦੀ ਦੁਰਵਰਤੋਂ ਕਾਰਨ ਲੜਾਈ-ਝਗੜੇ ਵੀ ਹੋ ਜਾਂਦੇ ਹਨ। ਇਸਦੇ ਨਾਲ ਹੀ ਸਮਾਜ-ਵਿਰੋਧੀ ਅਨਸਰ, ਗੁੰਡਾ ਪਾਰਟੀ,ਧੋਖੇਬਾਜ਼ ਅਤੇ ਕੈਦੀ ਇਸ ਦੀ ਦੁਰਵਰਤੋਂ ਸਭ ਤੋ ਵੱਧ ਕਰਦੇ ਹਨ।ਅੰਤ ਵਿੱਚ ਇਹੋ ਕਹਿਣਾ ਚਾਹਾਂਗੀ ਕਿ ਜਿੰਨਾ ਹੋ ਸਕੇ ਮੋਬਾਇਲ ਦੀ ਵਰਤੋਂ ਘੱਟ ਕੀਤੇ ਜਾਵੇ ਤਾ ਜੋ ਸਾਡੀ ਨੌਜਵਾਨ ਪੀੜੀ ਆਪਣੀ ਦਿਮਾਗੀ ਤਾਕਤ ਨੂੰ ਕਿਸੇ ਹੋਰ ਉਪਯੋਗੀ ਕਾਰਜ ਵਿੱਚ ਲਗਾ ਸਕੇ।ਮੋਬਾਇਲ ਦੀ ਵਰਤੋਂ ਸਾਵਧਾਨੀ ਨਾਲ ਕੀਤੀ ਜਾਵੇ।

## ਹਲਕਾ ਫੁਲਕਾ

ਪਤਨੀ ਨੇ ਬੜੇ ਮਾਣ ਨਾਲ ਪਤੀ ਨੂੰ ਕਿਹਾ, ''ਇਹ ਘਰ ਮੇਰੇ ਪਿਤਾ ਦੀ ਬਦੌਲਤ ਹੀ ਹੈ, ਇਹ ਫਰਨੀਚਰ, ਇਹ ਕੱਪੜੇ, ਇਹ ਗਹਿਣੇ, ਇਹ ਭਾਂਡੇ ਸਾਰੇ ਉਨ੍ਹਾਂ ਵੱਲੋਂ ਦਿੱਤੇ ਹੋਏ ਹਨ। ਤੁਹਾਡਾ ਹੈ ਕੀ ਇੱਥੇ?''

ਪਤੀ, ''ਠੀਕ ਹੈ।''

ਇਸ ਪਿੱਛੋਂ ਪਤਨੀ ਰਾਤ ਵੇਲੇ ਪਤੀ ਨੂੰ ਜਗਾਉਂਦੀ ਹੋਈ ਬੋਲੀ, ''ਸੁਣੋ ਜੀ, ਘਰ ਵਿੱਚ ਚੋਰ ਵੜ ਗਏ ਹਨ।''

ਪਤੀ, ''ਮੇਰਾ ਇਸ ਘਰ ਵਿੱਚ ਹੈ ਕੀ? ਸਭ ਤੇਰਾ ਹੀ ਤਾਂ ਹੈ।''

ਕਹਿ ਕੇ ਪਤੀ ਕਰਵਟ ਬਦਲ ਕੇ ਸੌਂ ਗਿਆ।

*********

ਅਧਿਆਪਕ (ਰਮੇਸ਼ ਨੂੰ), ''ਕੀ ਤੂੰ ਕਿਸੇ ਵੱਡੀ ਲੜਾਈ ਬਾਰੇ ਜਾਣਦਾ ਏਂ?''

ਰਮੇਸ਼ ਜੀ, ''ਜੀ ਹਾਂ, ਪਰ ਮੰਮੀ ਨੇ ਘਰ ਦੀਆਂ ਗੱਲਾਂ ਬਾਹਰ ਦੱਸਣ ਤੋਂ ਮਨ੍ਹਾ ਕੀਤਾ ਹੈ।''



# ਨਵਜੋਤ ਸਿੰਘ ਸਿੱਧੂ ਦੇ ਹਲਕੇ ਵਿੱਚ ਉਸਦੀ ਗੁੰਮਸ਼ੁਦਗੀ ਦੇ ਪੋਸਟਰ ਲਾਏ ਗਏ

ਅੰਮ੍ਰਿਤਸਰ, 3 ਜੂਨ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਇਸ ਵਕਤ ਦਿੱਲੀ ਵਿਖੇ ਕਾਂਗਰਸ ਹਾਈਕਮਾਂਡ ਨਾਲ ਮੀਟਿੰਗਾਂ ਕਰ ਰਹੇ ਹਨ, ਪਰ ਇੱਥੇ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਅੰਮ੍ਰਿਤਸਰ ਪੂਰਬੀ ਦੇ ਇਲਾਕੇ ਵਿੱਚ ਕੱਲ੍ਹ ਸਵੇਰੇ ਇੱਕ ਸਮਾਜ ਸੇਵੀ ਸੰਸਥਾ ਨੇ ਉਨ੍ਹਾਂ ਦੀ ਗੁੰਮਸ਼ੁਦਗੀ ਦੇ ਪੋਸਟਰ ਕੰਧਾਂ ਉੱਤੇਲਾ ਦਿੱਤੇ। ਇਨ੍ਹਾਂ ਪੋਸਟਰਾਂ ਵਿੱਚ ਸਿੱਧੂ ਨੂੰ ਲੱਭਣ ਵਾਲਿਆਂ ਲਈ 50 ਹਜ਼ਾਰ ਦਾ ਇਨਾਮ ਵੀ ਰੱਖ ਦਿੱਤਾ ਗਿਆ ਹੈ, ਭਾਵੇਂ ਕਿ ਮਾਮਲਾ ਭਖਣ ਪਿੱਛੋਂ ਪੁਲਸ ਇਸ ਤਰ੍ਹਾਂ ਦੇ ਪੋਸਟਰ ਉਤਾਰ ਦਿੱਤੇ ਹਨ।




ਇਥੇ ਹਲਕੇ ਦੇ ਪਿੰਡ ਰਸੂਲਪੁਰ ਕੱਲਰ ਵਿਖੇ ਸਮਾਜ ਸੇਵੀ ਸੰਸਥਾ ਦੇ ਆਗੂ ਅਨਿਲ ਵਸਿਸ਼ਟ ਨੇ ਪੋਸਟਰ ਲੱਗਣਬਾਰੇ ਕਿਹਾ ਕਿ ਪਿਛਲੇ 4-5 ਮਹੀਨਿਆਂ ਤੋਂ ਨਵਜੋਤ ਸਿੰਘ ਸਿੱਧੂ ਅੰਮ੍ਰਿਤਸਰ ਵਿੱਚ ਨਜ਼ਰੀ ਨਹੀਂ ਪਏ ਅਤੇ ਕੁਰਸੀ ਦੀ ਲੜਾਈ ਵਿੱਚ ਇਹ ਭੁੱਲ ਗਏ ਕਿ ਉਹ ਇੱਥੋਂ ਦੇ ਵਿਧਾਇਕ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਚੋਣਾਂ ਵੇਲੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਉਹ ਸਾਰੇ ਭੁੱਲ ਗਏ। ਸ਼ਹਿਰ ਦੇ ਇਸ ਹਲਕੇ ਵਿੱਚ ਗਲੀਆਂ ਨਾਲੀਆਂ ਤੇ ਸੜਕਾਂ ਟੁੱਟੀਆਂ ਹੋਈਆਂ ਹਨ ਅਤੇ ਇਲਾਕਾ ਵਿਕਾਸ ਨੂੰ ਤਰਸ ਰਿਹਾ ਹੈ। ਸਥਾਨਕ ਲੋਕਾਂ ਅਨੁਸਾਰ ਪੋਸਟਰ ਲਾਉਣ ਦੇ ਲਈ ਕੱਲ੍ਹ ਉਸ ਸੰਸਥਾ ਦੇ 10-15 ਨੌਜਵਾਨ ਆਏ ਸਨ, ਜਿਨ੍ਹਾਂ ਸਿੱਧੂ ਦੀ ਗੁੰਮਸ਼ੁਦਗੀ ਦੇ ਤਸਵੀਰਾਂ ਵਾਲੇ ਪੋਸਟਰ ਲਾ ਦਿੱਤੇ ਤੇ ਬਾਅਦ ਵਿੱਚ ਇਹ ਮਾਮਲਾ ਸੁਰਖੀਆਂ ਵਿੱਚ ਆਉਣ ਪਿੱਛੋਂ ਪੁਲਸ ਤੇ ਸਿੱਧੂ ਸਮਰਥਕਾਂ ਨੇ ਪੋਸਟਰ ਉਤਾਰ ਦਿੱਤੇ।

# ਹਾਈ ਕੋਰਟ ਹੈਰਾਨ,ਵੈਂਟੀਲੇਟਰ ਇੰਪੋਰਟ ਦੀ ਮਨਜ਼ੂਰੀ ਵਿੱਚ ਸਰਕਾਰ ਦੇਰੀ ਕਿਉਂ ਕਰਦੀ ਹੈ?

ਚੰਡੀਗੜ੍ਹ, 3 ਜੂਨ (ਪੋਸਟ ਬਿਊਰੋ)- ਵੈਂਟੀਲੇਟਰ ਦੀ ਇੰਪੋਰਟ ਦੀ ਪ੍ਰਵਾਨਗੀ ਨਾ ਮਿਲਣ ਦੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਹਾਈ ਕੋਰਟ ਨੇ ਕਿਹਾ ਕਿ ਦੇਸ਼ ਦੇ ਹਜ਼ਾਰਾਂ ਲੋਕ, ਹਸਪਤਾਲਾਂ ਵਿੱਚ ਵੈਂਟੀਲੇਟਰ ਤੇ ਆਕਸੀਜਨ ਦੀ ਉਡੀਕ ਵਿੱਚ ਹਨ, ਰੋਜ਼ ਹਜ਼ਾਰਾਂ ਲੋਕ ਮਰ ਰਹੇ ਹਨ, ਫੇਰ ਕਿਉਂ ਵੈਂਟੀਲੇਟਰ ਦੀ ਇੰਪੋਰਟ ਨੂੰ ਪ੍ਰਵਾਨਗੀ ਦੇਣ ਵਿੱਚ ਦੇਰ ਕੀਤੀ ਜਾ ਰਹੀ ਹੈ। ਕੋਰਟ ਨੇ ਸਰਕਾਰ ਨੂੰ ਵੈਂਟੀਲੇਟਰ ਦੀ ਇੰਪੋਰਟਦੀ ਰਸਮੀ ਮਨਜ਼ੂਰੀ ਬਾਰੇ ਹੁਕਮ ਕੀਤਾ ਹੈ।

ਪਟੀਸ਼ਨ ਦਾਇਰ ਕਰਦਿਆਂ ਲੁਧਿਆਣਾ ਦੀ ਬੀ ਐਸ ਸਿਸਟਮ ਕੰਪਨੀ ਨੇ ਹਾਈ ਕੋਰਟ ਨੂੰ ਦੱਸਿਆ ਕਿ ਮੈਡੀਕਲ ਸਿਸਟਮ ਕੰਪਨੀ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਖਲ ਕਰ ਕੇ ਕੇਂਦਰ ਸਰਕਾਰ ਕੋਲੋਂ ਵੈਂਟੀਲੇਟਰ ਦੀ ਆਗਿਆ ਮੰਗੀ ਸੀ, ਪਰ ਉਨ੍ਹਾਂ ਨੇ ਮਨਜ਼ੂਰੀ ਨਹੀਂ ਦਿੱਤੀ। ਇਸ ਕਾਰਨ ਪਟੀਸ਼ਨਰ ਨੇ 2020 ਦੌਰਾਨ ਹਾਈ ਕੋਰਟ ਵਿੱਚ ਪਟੀਸ਼ਨ ਪਾਈ ਸੀ। ਹਾਈ ਕੋਰਟ ਨੇ ਸੁਣਵਾਈ ਕਰਦਿਆਂ ਕਿਹਾ ਹੈ ਕਿ ਵੈਂਟੀਲੇਟਰ ਤੇ ਆਕਸੀਜਨ ਕੋਰੋਨਾ ਤੇ ਹੋਰਨਾਂ ਗੰਭੀਰ ਰੋਗਾਂ ਦੇ ਇਲਾਜ ਵਿੱਚ ਕਾਰਗਰ ਤੇ ਅਹਿਮ ਹੈ। ਇਸ ਦੀ ਇੰਪੋਰਟ ਵਿੱਚ ਦੇਰੀ ਕਾਰਨ ਮਰੀਜ਼ਾਂ ਦੀ ਮੌਤ ਦਰ ਵਧੇਗੀ।



ਵਰਨਣ ਯੋਗ ਹੈ ਕਿ ਇਸ ਵੇਲੇ ਕੋਰੋਨਾ, ਬਲੈਕ ਫੰਗਸ ਤੇ ਹੋਰ ਬਿਮਾਰੀਆਂ ਕਾਰਨ ਦੇਸ਼ ਵਿੱਚ ਰੋਜ਼ ਹਜ਼ਾਰਾਂ ਮੌਤਾਂ ਹੋ ਰਹੀਆਂ ਹਨ। ਅਜਿਹੇ ਹਾਲਾਤ ਵਿੱਚ ਇੰਪੋਰਟਦੇ ਹੁਕਮ ਨਾ ਦੇਣਾ ਜਨਹਿਤ ਵਿੱਚ ਨਹੀਂ। ਸੂਚਨਾ ਮਿਲਣ ਮਗਰੋਂ ਇਸ ਦਾ ਜਾਇਜ਼ਾ ਲਿਆ ਜਾਵੇਗਾ ਤੇ ਜੇ ਵੈਂਟੀਲੇਟਰ ਮਿਆਰਾਂ ਮੁਤਾਬਕ ਨਾ ਹੋਏ ਤਾਂ ਵਰਤੇ ਨਹੀਂ ਜਾ ਸਕਣਗੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਕਾਂਡ ਦੀ ਪੜਤਾਲ ਤੇਜ਼ ਹੋਈ

### * ਡੇਰਾ ਪ੍ਰੇਮੀਆਂ ਦੀ ਹੱਥ ਲਿਖਤ ਦੇ ਨਮੂਨੇ ਲਏ ਗਏ

ਫਰੀਦਕੋਟ, 3 ਜੂਨ (ਪੋਸਟ ਬਿਊਰੋ)- ਕੋਟਕਪੂਰਾ ਗੋਲੀ ਕਾਂਡ ਬਾਰੇ ਹਾਈ ਕੋਰਟ ਦੇ ਹੁਕਮਾਂ ਪਿੱਛੋਂ ਬਰਗਾੜ ਵਿੱਚ ਹੋਏ ਬੇਅਦਬੀ ਕਾਂਡ ਦੇ ਮੁੱਦੇ ਉੱਤੇ ਕਾਂਗਰਸੀ ਆਗੂਆਂ, ਵਿਰੋਧੀ ਧਿਰਾਂ ਅਤੇ ਸਿੱਖ ਜਥੇਬੰਦੀਆਂ ਦੇ ਦਬਾਅ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਬਣਾਈਆਂ ਵਿਸ਼ੇਸ਼ ਜਾਂਚ ਟੀਮਾਂ ਨੇ ਚਲਾ ਤੇਜ਼ ਕਰ ਦਿੱਤੀ ਹੈ। ਅਗਲੇ ਦਿਨਾਂ ਵਿੱਚ ਕੋਟਕਪੂਰਾ ਗੋਲੀ ਕਾਂਡ ਤੇ ਬੇਅਦਬੀ ਕਾਂਡ ਦੇ ਤਿੰਨ ਕੇਸਾਂ ਦੀ ਚਾਰਜਸ਼ੀਟ ਅਦਾਲਤ ਵਿੱਚ ਪੇਸ਼ ਹੋਣ ਦੀ ਸੰਭਾਵਨਾ ਹੈ।

ਬਰਗਾੜੀ ਦੇ ਬੇਅਦਬੀ ਕਾਂਡ ਬਾਰੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਕੱਲ੍ਹ ਡੇਰਾ ਪ੍ਰੇਮੀ ਸੁਖਵਿੰਦਰ ਸਿੰਘ ਸਨੀ ਦੀ ਹੱਥ ਲਿਖਤ ਦੇ ਨਮੂਨੇ ਇਲਾਕਾ ਮੈਜਿਸਟਰੇਟ ਦੀ ਹਾਜ਼ਰੀ ਵਿੱਚ ਲਏ, ਜਿਹੜੇ ਇਤਰਾਜ਼ਯੋਗ ਪੋਸਟਰ ਨਾਲ ਮਿਲਾਏ ਜਾਣੇ ਹਨ। ਇਹ ਹੱਥ ਲਿਖਤ ਨਮੂਨੇਅਤੇ ਵਿਵਾਦਤ ਪੋਸਟਰ ਨੂੰ ਲੈਬਾਰਟਰੀ ਵਿੱਚ ਭੇਜੇ ਜਾ ਰਹੇ ਹਨ।

ਦੂਸਰੇ ਪਾਸੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰਦੀ ਐੱਸ ਆਈ ਟੀ ਨੇ 42 ਗਵਾਹਾਂ, ਡਾਕਟਰਾਂ ਤੇ ਉਚ ਪੁਲਸ ਅਧਿਕਾਰੀਆਂ ਤੋਂ ਪੁੱਛਗਿੱਛ ਮੁਕੰਮਲ ਕਰ ਲਈ ਹੈ। ਇਸ ਗੋਲੀ ਕਾਂਡ ਵਿੱਚ ਦੋਸ਼ੀਮੰਨੇ ਜਾਂਦੇ ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਅਤੇ ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਤੋਂ ਅਗਲੇ ਕੁਝ ਦਿਨਾਂ ਵਿੱਚ ਦੁਬਾਰਾ ਪੁੱਛਗਿੱਛ ਹੋ ਸਕਦੀ ਹੈ। ਜਾਂਚ ਟੀਮ ਨੇ ਕੰਮ ਛੇਤੀ ਮੁਕੰਮਲ ਕਰਨ ਲਈ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਏਜੰਸੀਆਂ ਤੋਂ ਸਹਿਯੋਗ ਮੰਗਿਆ ਅਤੇ ਸੂਬਾਈ ਤੇ ਕੇਂਦਰੀ ਏਜੰਸੀਆਂ ਨੂੰ ਕੁਝ ਜ਼ਰੂਰੀ ਰਿਕਾਰਡ ਬਿਨਾਂ ਦੇਰੀ ਪੇਸ਼ ਕਰਨ ਲਈ ਕਿਹਾ ਹੈ, ਜਿਵੇਂ ਇਸ ਤੋਂ ਪਹਿਲਾਂ ਕਦੇ ਨਹੀਂ ਮੰਗਿਆ ਗਿਆ।

ਵਰਨਣ ਯੋਗ ਹੈ ਕਿ ਕੋਟਕਪੂਰਾ ਗੋਲੀ ਕਾਂਡ ਦੇ ਬਾਰੇ ਹਾਈ ਕੋਰਟ ਦਾ ਫੈਸਲਾ ਆਉਣ ਨਾਲ ਪੰਜਾਬ ਸਰਕਾਰ ਆਪਣੇ ਹੀ ਵਿਧਾਇਕਾਂ, ਮੰਤਰੀਆਂ ਅਤੇ ਸਿੱਖ ਸੰਗਠਨਾਂ ਦੇ ਵਿਰੋਧ ਦਾ ਸਾਹਮਣਾ ਕਰ ਰਹੀ ਹੈ। ਜਾਂਚ ਟੀਮ ਕੱਲ੍ਹ ਸਾਰਾ ਦਿਨ ਚੰਡੀਗੜ੍ਹ ਦਫਤਰ ਵਿੱਚ ਇਸ ਕੰਮ ਵਿੱਚ ਰੁੱਝੀ ਰਹੀ। ਬੇਅਦਬੀ ਕਾਂਡ ਦੀ ਪੜਤਾਲ ਕਰ ਰਹੇ ਆਈਜੀ ਐੱਸ ਪੀ ਐੱਸ ਪਰਮਾਰ ਦੀ ਅਗਵਾਈ ਵਾਲੀ ਟੀਮ ਨੇ ਡੇਰਾ ਸਿਰਸਾ ਦੀ ਕੌਮੀ ਕਮੇਟੀ ਦੇ ਤਿੰਨ ਮੈਂਬਰਾਂ ਦੀ ਗ੍ਰਿਫਤਾਰੀ ਕਰਨ ਦੇ ਲਈ ਪੰਜਾਬ ਤੇ ਹਰਿਆਣਾ ਵਿੱਚ ਵੱਡੇ ਪੱਧਰ ਉੱਤੇ ਛਾਪੇ ਮਾਰੇ ਹਨ।

## ਲਾਕਡਾਊਨ ਦੌਰਾਨ 'ਸੇਵਾ ਕਰਦੇ' ਚਿਕ-ਚਿਕ ਰੈਸਟੋਰੈਂਟ ਦਾ ਮਾਲਕ ਤੇ ਨੌਕਰ ਗ੍ਰਿਫ਼ਤਾਰ

ਜਲੰਧਰ, 3 ਜੂਨ (ਪੋਸਟ ਬਿਊਰੋ)- ਇਸ ਮਹਾਨਗਰ ਵਿਚ ਸ਼ਾਮੀਂ ਛੇ ਵਜੇ ਤੋਂ ਰਾਤ ਨੌਂ ਵਜੇ ਤੱਕ ਸਿਰਫ ਹੋਮ ਡਲਿਵਰੀ ਦੇਣ ਦੇ ਹੁਕਮਾਂ ਨੂੰ ਅਣਗੌਲੇ ਕਰ ਕੇ ਮਿੱਠਾਪੁਰ ਰੋਡ ਉੱਤੇ ਪੀ ਪੀ ਆਰ ਮਾਲ ਵਿੱਚ ਆਪਣੇ ਗਾਹਕਾਂ ਨੂੰ ਚਿਕਨ ਪਰੋਸ ਰਹੇ ਚਿਕ-ਚਿਕ ਰੈਸਟੋਰੈਂਟ ਦੇ ਮਾਲਕ ਰਾਜੀਵ ਤੇ ਉਸ ਦੇ ਇੱਕ ਨੌਕਰ ਨੂੰ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ। ਇਹ ਪਹਿਲੀ ਵਾਰ ਨਹੀਂ, ਸਗੋਂ ਇਸ ਤੋਂ ਪਹਿਲਾਂ ਵੀ ਚਿਕ-ਚਿਕ ਰੈਸਟੋਰੈਂਟ ਦੇ ਮਾਲਕ ਕਾਨੂੰਨ ਨੂੰ ਟਿਚ ਸਮਝਦੇਰਹੇ ਅਤੇ ਕਰਫਿਊ ਦੌਰਾਨ ਉਨ੍ਹਾਂ ਦੇ ਰੈਸਟੋਰੈਂਟ ਦੇ ਬਾਹਰ ਚੱਲਦੀ ਜਨਮ ਦਿਨ ਦੀ ਪਾਰਟੀ ਵਿੱਚ ਝਗੜਾ ਹੋਇਆ ਸੀ, ਜਿਸ ਵਿੱਚ ਨੌਜਵਾਨਾਂ ਨੇ ਬੀਅਰ ਪੀਣ ਤੋਂ ਬਾਅਦ ਕਾਫ਼ੀ ਖੌਰੂ ਪਾਇਆ ਸੀ।



ਥਾਣਾ ਨੰਬਰ ਸੱਤ ਦੇ ਇੰਚਰਾਜ ਗਗਨਦੀਪ ਸਿੰਘ ਸੇਖੋਂ ਨੇ ਦੱਸਿਆ ਕਿ 31 ਮਈ ਦੇਰ ਦੀ ਸ਼ਾਮ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਡਿਪਟੀ ਕਮਿਸ਼ਨਰ ਦੇ ਹੁਕਮਾਂ ਦੇ ਉਲਟਪੀ ਪੀ ਆਰ ਮਾਰਕੀਟ ਵਿੱਚ ਚਿਕ-ਚਿਕ ਰੈਸਟੋਰੈਂਟ ਦੇ ਮਾਲਕ ਰਾਤੀਂ ਅੱਠ ਵਜੇ ਤੱਕ ਹੋਮ ਡਲਿਵਰੀ ਤੋਂ ਇਲਾਵਾ ਆਪਣੇ ਗਾਹਕਾਂ ਨੂੰ ਵੀ ਚਿਕਨ ਪਰੋਸਦੇ ਹਨ। ਉਨ੍ਹਾਂ ਦੇ ਰੈਸਟੋਰੈਂਟ ਦੇ ਬਾਹਰ ਕਈ ਗੱਡੀਆਂ ਖੜ੍ਹੀਆਂ ਹਨ। ਪੁਲਸ ਨੇ ਜਦੋਂ ਛਾਪਾ ਮਾਰਿਆ ਤਾਂ ਸੂਚਨਾ ਸਹੀ ਪਾਈ ਗਈ। ਪੁਲਸ ਨੇ ਚਿਕ-ਚਿਕ ਰੈਸਟੋਰੈਂਟ ਦੇ ਮਾਲਕ ਰਾਜੀਵ ਕੁਮਾਰ ਅਤੇ ਉਸਦੇ ਨੌਕਰ ਵਿਨੇ ਯਾਦਵ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਐਸ ਐਚ ਓ ਨੇ ਕਿਹਾ ਕਿ ਦੋਵਾਂ ਖ਼ਿਲਾਫ਼ ਕੇਸ ਦਰਜ ਕਰਨ ਪਿੱਛੋਂ ਜ਼ਮਾਨਤ ਉੱਤੇ ਰਿਹਾਅ ਕਰ ਦਿੱਤਾ ਹੈ।

# ਢਾਡੀ ਸਿੰਘਾਂ ਨੇ ਅਕਾਲ ਤਖ਼ਤ ਉੱਤੇ ਅਰਦਾਸ ਪਿੱਛੋਂ ਹੱਕੀ ਮੰਗਾਂ ਲਈ ਸੰਘਰਸ਼ ਛੇੜਿਆ

ਅੰਮ੍ਰਿਤਸਰ, 3 ਜੂਨ (ਪੋਸਟ ਬਿਊਰੋ)- ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਢਾਡੀ ਸਭਾ ਦੇ ਪ੍ਰਧਾਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਬਲਦੇਵ ਸਿੰਘ ਐਮ ਏ ਨੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਅਜੈਬ ਸਿੰਘ ਅਭਿਆਸੀ, ਸੁਖਵਰਸ ਸਿੰਘ ਪੰਨੂੰ ਅਤੇ ਪ੍ਰਿਤਪਾਲ ਸਿੰਘ ਪਾਲੀ ਲੁਧਿਆਣਾ ਨੇ ਆਪਣੇ ਹੰਕਾਰ ਵੱਸ ਸਾਨੂੰ ਤਬਾਹ ਕਰ ਦਿੱਤਾ ਹੈ ਤੇ 22 ਨਿਯਮ ਅਜਿਹੇ ਬਣਾਏ ਹਨ, ਜੋ ਸਾਨੂੰ ਇਹ ਅਹਿਸਾਸ ਦਿਵਾਉਂਦੇ ਹਨ ਕਿ ਅਸੀਂ ਗੁਲਾਮ ਹਾਂ, ਇਸ ਦੇ ਵਿਰੁੱਧ ਅਸੀਂ ਸੰਘਰਸ਼ ਕਰਾਂਗੇ।

ਭਾਈ ਬਲਦੇਵ ਸਿੰਘ ਐਮ ਏ ਨੇਕਿਹਾ ਕਿ ਅਸੀਂ ਕੱਲ੍ਹ ਸ੍ਰੀ ਅਕਾਲ ਤਖ਼ਤ ਵਿਖੇ ਅਰਦਾਸ ਪਿੱਛੋਂ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਵਿੱਢਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਰਦੀਆਂ ਵਿੱਚ ਸ੍ਰੀ ਅਕਾਲ ਤਖ਼ਤ ਵਿਖੇ ਢਾਡੀ ਦਰਬਾਰ ਦਾ ਸਮਾਂ ਅੱਠ ਘੰਟੇ ਤੇ ਗਰਮੀਆਂ ਵਿੱਚ 9 ਘੰਟੇ ਕੀਤਾ ਸੀ, ਜੋ ਇਨ੍ਹਾਂ ਮੈਂਬਰਾਂ ਨੇ ਘਟਾ ਕੇ ਛੇ ਘੰਟੇ ਕਰ ਦਿੱਤਾ ਹੈ। ਇਸ ਦੇ ਇਲਾਵਾ ਮੱਸਿਆ ਸੰਗਰਾਂਦ ਤੇ ਗੁਰਪੁਰਬ ਦਿਨ ਤਿਉਹਾਰਾਂ ਉੱਤੇ ਢਾਡੀ ਸਭਾਵਾਂ ਨੂੰ ਮਿਲਦੇ ਪੈਸੇ ਇਨ੍ਹਾਂ ਬੰਦ ਕਰ ਦਿੱਤੇ ਹਨ। ਅਸੀਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਢਾਡੀਆਂ ਦੀ ਗੱਲ ਨਹੀਂ ਕਰਦੇ,ਸਗੋਂ ਕੋਈ 50-52 ਦੇ ਕਰੀਬ ਪ੍ਰਾਈਵੇਟ ਜਥਿਆਂ ਦੀ ਗੱਲ ਕਰਦੇ ਹਾਂ। ਸ਼੍ਰੋਮਣੀ ਕਮੇਟੀ ਵੱਡੀ ਸੰਸਥਾ ਨੂੰ ਕਿਸ ਗੱਲ ਦਾ ਘਾਟਾ ਹੈ ਕਿ ਉਹ ਖਰਚਾ ਨਹੀਂ ਦੇ ਸਕਦੀ, ਉਂਝ ਕਹਿੰਦੇ ਹਨ ਕਿ ਸ਼੍ਰੋਮਣੀ ਕਮੇਟੀ ਬਹੁਤ ਵੱਡੇ ਪੱਧਰ ਉੱਤੇ ਪ੍ਰਚਾਰ ਕਰ ਰਹੀ ਹੈ ਤੇ ਇਹ ਸਾਡਾ ਸਮਾਂ ਘਟਾ ਕੇ ਪ੍ਰਚਾਰ ਘਟਾ ਰਹੇ ਹਨ।ਕਿਸੇ ਸੰਸਥਾ ਵਿੱਚਏਦਾਂ ਨਹੀਂ ਹੋਇਆ ਕਿ ਮਿਲਦੇ ਪੈਸੇ ਬੰਦ ਕੀਤੇ ਜਾਣ, ਫਿਰ ਸ਼੍ਰੋਮਣੀ ਕਮੇਟੀ ਵਰਗੀ ਸੰਸਥਾ ਵਿੱਚ ਕਿਉਂ ਹੋਇਆ ਹੈ। ਉਨ੍ਹਾ ਕਿਹਾ ਕਿ ਅਸੀਂ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਪ੍ਰਧਾਨ ਸ਼੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਨੂੰ ਕਈ ਵਾਰ ਮੰਗ-ਪੱਤਰ ਦੇ ਚੁੱਕੇ ਹਾਂ, ਪਰ ਸਾਡੀ ਕੋਈ ਸੁਣਵਾਈ ਨਹੀਂ ਹੁੰਦੀ।ਸਾਡੀ ਲੜਾਈ ਨਾ ਜਥੇਦਾਰਾਂ ਨਾਲ ਹੈ, ਨਾ ਪ੍ਰਧਾਨ ਸ਼੍ਰੋਮਣੀ ਕਮੇਟੀ ਨਾਲ ਤੇ ਨਾ ਧਰਮ ਪ੍ਰਚਾਰ ਕਮੇਟੀ ਨਾਲ, ਲੜਾਈ ਸਿਰਫ਼ ਉਨ੍ਹਾਂ ਸਬ-ਕਮੇਟੀ ਮੈਂਬਰਾਂ ਨਾਲ ਹੈ, ਜਿਨ੍ਹਾਂ ਮਤੇ ਪਾਸ ਕਰਕੇ ਸਾਡੀ ਰੋਜ਼ੀ ਰੋਟੀ ਵਿੱਚ ਲੱਤ ਮਾਰੀ ਹੈ। ਜੇ ਮਸਲਾ 6 ਜੂਨ ਤੱਕ ਹੱਲ ਨਾ ਹੋਇਆ ਤਾਂ 7 ਮਈ ਨੂੰ ਸੋਗ-ਮਈ ਕੀਰਤਨ ਕਰਾਂਗੇ ਤੇ ਰੋਸ ਕਰਾਂਗੇ। ਜੇ ਫਿਰ ਵੀ ਇਨਸਾਫ਼ ਨਾ ਮਿਲਿਆ ਤਾਂ ਕੋਈ ਵੱਡਾ ਸੰਘਰਸ਼ ਵਿੱਢਾਂਗੇ।

## ਦੋ ਭਰਾਵਾਂ ਨੇ ਆਪਣੇ ਭਰਾ ਅਤੇ ਭਤੀਜੇ ਨੂੰ ਗੋਲੀਆਂ ਮਾਰੀਆਂ

***ਖੇਤਾਂ ਵਿੱਚ ਪਾਣੀ ਦੇ ਝਗੜੇ ਵਿੱਚ ਭਰਾਵਾਂਵੱਲੋਂ ਭਰਾ ਦਾ ਕਤਲ**

ਕੋਟਕਪੂਰਾ, 3 ਜੂਨ (ਪੋਸਟ ਬਿਊਰੋ)- ਨੇੜਲੇ ਪਿੰਡ ਢਿੱਲਵਾਂ ਕਲਾਂ ਵਿੱਚ ਖੇਤ ਵਿੱਚ ਸਿੰਚਾਈ ਦੇ ਪਾਣੀ ਦੀ ਵਾਰੀ ਵਾਸਤੇ ਹੋਏ ਝਗੜੇ ਵਿੱਚ ਦੋ ਭਰਾਵਾਂ ਨੇ ਗੋਲੀ ਮਾਰ ਕੇ ਤੀਸਰੇ ਭਰਾ ਦਾ ਕਤਲ ਕਰ ਦਿੱਤਾ। ਉਨ੍ਹਾਂ ਵੱਲੋਂ ਚਲਾਈ ਗੋਲੀ ਮ੍ਰਿਤਕ ਭਰਾ ਦੇ ਪੁੱਤਰ ਨੂੰ ਵੀ ਲੱਗੀ ਅਤੇ ਗੰਭੀਰ ਜ਼ਖਮੀ ਹੋਣ ਕਾਰਨ ਉਸ ਨੂੰ ਚੰਡੀਗੜ੍ਹ ਰੈਫਰ ਕੀਤਾ ਗਿਆ ਹੈ।

ਥਾਣਾ ਸਦਰ ਪੁਲਸ ਨੇ ਇਸ ਬਾਰੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਘਟਨਾ ਸੋਮਵਾਰ ਦੇਰ ਸ਼ਾਮ ਪਿੰਡ ਢਿੱਲਵਾਂ ਕਲਾਂ ਵਿੱਚ ਵਾਪਰੀ ਹੈ। 65 ਸਾਲਾ ਕਿਸਾਨ ਨਿਰਮਲ ਸਿੰਘ ਆਪਣੇ ਪੁੱਤਰ ਹਰਜੋਤ ਸਿੰਘ ਨਾਲ ਖੇਤ ਵਿੱਚ ਪਾਣੀ ਲਾ ਰਿਹਾ ਸੀ। ਇਸੇ ਦੌਰਾਨ ਉਥੇ ਹਥਿਆਰ ਲੈ ਕੇ ਆਏ ਨਿਰਮਲ ਸਿੰਘ ਦੇ ਭਰਾ ਜਸਵੀਰ ਸਿੰਘ ਅਤੇ ਕਰਨ ਸਿੰਘ ਨਾਲ ਉਸ ਦਾ ਪਾਣੀ ਦੀ ਵਾਰੀ ਦਾ ਝਗੜਾ ਹੋ ਗਿਆ, ਜਿਸ ਕਾਰਨ ਜਸਵੀਰ ਸਿੰਘ ਨੇ 12 ਬੋਰ ਰਾਈਫਲ ਅਤੇ ਕਰਣ ਸਿੰਘ ਨੇ ਆਪਣੇ 32 ਬੋਰ ਰਿਵਾਲਵਰ ਨਾਲ ਗੋਲੀਆਂ ਚਲਾ ਦਿੱਤੀਆਂ। ਸਿਰ ਉੱਤੇ ਗੋਲੀ ਲੱਗਣ ਨਾਲ ਨਿਰਮਲ ਸਿੰਘ ਦੀ ਘਟਨਾ ਵਾਲੀ ਜਗ੍ਹਾਹੀ ਮੌਤ ਹੋ ਗਈ, ਜਦ ਕਿ ਉਸ ਦਾ ਪੁੱਤਰ ਹਰਜੋਤ ਸਿੰਘ ਜ਼ਖਮੀ ਹੋ ਗਿਆ।ਨਿਰਮਲ ਸਿੰਘ ਦਾ ਆਪਣੇ ਤਿੰਨ ਭਰਾਵਾਂ ਕਰਨ ਸਿੰਘ, ਜਸਵੀਰ ਸਿੰਘ ਅਤੇ ਜਸਵਿੰਦਰ ਸਿੰਘ ਨਾਲ ਪਹਿਲਾਂ ਜ਼ਮੀਨ ਬਾਰੇ ਪੁਰਾਣਾ ਝਗੜਾ ਚੱਲਦਾ ਸੀ। ਤਿੰਨੇ ਭਰਾ ਇਕੱਠੇ ਸਨ ਤੇ ਇਹ ਅਲੱਗ ਸੀ। ਇਨ੍ਹਾਂ ਦਾ ਪਿਤਾ ਗੁਰਨਾਮ ਸਿੰਘ ਦੂਸਰੇ ਤਿੰਨ ਭਰਾਵਾਂ ਨਾਲ ਤੇ ਚਾਚਾ ਆਤਮਾ ਸਿੰਘ ਮ੍ਰਿਤਕ ਨਿਰਮਲ ਸਿੰਘ ਦੇ ਪਰਵਾਰ ਦੀ ਮਦਦ ਕਰਦਾ ਸੀ।

# ਸਾਬਕਾ ਸਰਪੰਚ ਰਾਣੋ ਦਾ ਨੇੜਲਾ ਸਾਥੀ ਥਾਈਲੈਂਡ ਤੋਂ ਫੜਿਆ ਗਿਆ

ਲੁਧਿਆਣਾ, 3 ਜੂਨ (ਪੋਸਟ ਬਿਊਰੋ)- ਨਸ਼ੀਲੇ ਪਦਾਰਥਾਂ ਦੀ ਰੋਕ ਬਾਰੇ ਪੰਜਾਬ ਪੁਲਸ ਦੀ ਸਪੈਸ਼ਲ ਟਾਕਸ ਫੋਰਸ (ਐਸ ਟੀ ਐਫ) ਦੀ ਟੀਮ ਵੱਲੋਂ ਕੁਝ ਸਮਾਂ ਪਹਿਲਾਂ ਅਰਬਾਂ ਰੁਪਏ ਮੁੱਲ ਦੀ ਹੈਰੋਇਨ, ਹਥਿਆਰਾਂ ਅਤੇ ਹੋਰ ਸਮਾਨ ਨਾਲ ਫੜੇਗਏ ਸਾਬਕਾ ਸਰਪੰਚ ਗੁਰਦੀਪ ਸਿੰਘ ਰਾਣੋ ਦੇ ਨੇੜਲੇ ਸਾਥੀ ਨੂੰ ਥਾਈਲੈਂਡ ਪੁਲਸ ਨੇ ਕਾਬੂ ਕਰ ਲਿਆ ਹੈ।

ਜਾਣਕਾਰ ਸੂਤਰਾਂ ਅਨੁਸਾਰ ਐਸ ਟੀ ਐਫ ਨੇ ਗੁਰਦੀਪ ਸਿੰਘ ਰਾਣੋ ਦੇ ਨੇੜਲੇ ਸਾਥੀ ਹਰਮਿੰਦਰ ਸਿੰਘ ਰੰਧਾਵਾ ਨੂੰ ਨਸ਼ਾ ਤਸਕਰੀ ਦੇ ਕੇਸ ਵਿੱਚ ਨਾਮਜ਼ਦ ਕੀਤਾ ਸੀ। ਐਸ ਟੀ ਐਫ ਅਧਿਕਾਰੀਆਂ ਨੇ ਓਦੋਂ ਦੱਸਿਆ ਸੀ ਕਿ ਰੰਧਾਵਾ ਬਟਾਲੇ ਦਾ ਵਸਨੀਕ ਹੈ ਤੇ ਅੱਜਕੱਲ੍ਹ ਥਾਈਲੈਂਡ ਵਿੱਚਹੈ। ਥਾਈਲੈਂਡ ਤੋਂ ਉਹ ਕਈ ਵਾਰ ਲੁਧਿਆਣੇ ਦੇ ਸੈਕਟਰ 32 ਏ ਵਿਚਲੀ ਆਪਣੀ ਕੋਠੀ ਵਿੱਚ ਆਉਂਦਾ-ਜਾਂਦਾ ਸੀ, ਜਿੱਥੇ ਹੈਰੋਇਨ ਤੇ ਹੋਰ ਨਸ਼ੀਲੇ ਪਦਾਰਥਾਂ ਨੂੰ ਤਿਆਰ ਕਰਨ ਦਾ ਕੰਮ ਹੁੰਦਾ ਸੀ, ਪਰ ਰਾਣੋ ਦੀ ਗ੍ਰਿਫ਼ਤਾਰੀ ਪਿੱਛੋਂ ਉਹ ਨਹੀਂ ਆਇਆ। ਉਸ ਦਾ ਥਾਈਲੈਂਡ ਦਾ ਵੀਜ਼ਾ ਰੱਦ ਹੋਣ ਉੱਤੇ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਥਾਈਲੈਂਡ ਵਿੱਚ ਉਸ ਤੋਂ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਥਾਈਲੈਂਡ ਪੁਲਸ ਵੱਲੋਂ ਉਸ ਨੂੰ ਭਾਰਤ ਭੇਜਣ ਦੀ ਤਿਆਰੀ ਚੱਲ ਰਹੀ ਹੈ ਤੇ ਪੰਜਾਬ ਪੁਲਸ ਦੇ ਅਧਿਕਾਰੀਆਂ ਦਾ ਲਗਾਤਾਰ ਥਾਈਲੈਂਡ ਦੀ ਪੁਲਸ ਨਾਲ ਸੰਪਰਕ ਬਣਿਆ ਹੋਇਆ ਹੈ ਅਤੇ ਉਸਦਾ ਪਾਸਪੋਰਟ ਰੱਦ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ।



## ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਪੰਜਾਬ ਪੁਲਸ ਦੇ ਅਫਸਰਾਂ ਦੀਆਂ ਤਰੱਕੀਆਂ ਦਾ ਨੋਟਿਸ ਲਿਆ




ਚੰਡੀਗੜ੍ਹ, 3 ਜੂਨ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਪੰਜਾਬ ਸਰਕਾਰ ਵੱਲੋਂ ਪੁਲਸ ਅਫਸਰਾਂ ਦੀਆਂ ਤਰੱਕੀਆਂ ਵਿੱਚ ਰਾਖਵੇਂਕਰਨ ਦੀ ਨੀਤੀ ਨਜ਼ਰਅੰਦਾਜ਼ ਕਰਨ ਦਾ ਗੰਭੀਰ ਨੋਟਿਸ ਲਿਆ ਤੇ ਇਸ ਬਾਰੇ ਪੰਜਾਬ ਸਰਕਾਰ ਨੂੰ ਇੱਕ ਨੋਟਿਸ ਵੀ ਜਾਰੀ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨੇ ਇਸ ਨੋਟਿਸ ਵਿੱਚ ਕਿਹਾ ਹੈ ਕਿ ਬੀਤੀ ਸੱਤ ਅਪ੍ਰੈਲ ਨੂੰ ਪੰਜਾਬ ਸਰਕਾਰ ਨੇ ਪੀ ਪੀ ਐਸ ਕਾਡਰ ਦੇ 24 ਅਫਸਰਾਂ ਨੂੰ ਤਰੱਕੀ ਦੇ ਕੇ ਆਈ ਪੀ ਐਸ ਪ੍ਰਮੋਟ ਕੀਤਾ ਹੈ, ਪਰ ਇਨ੍ਹਾਂ ਵਿੱਚ ਅਨੁਸੂਚਿਤ ਜਾਤੀ ਦਾ ਕੋਈ ਅਧਿਕਾਰੀ ਨਹੀਂ ਹੈ। ਕਮਿਸ਼ਨ ਨੇ ਪੀ ਪੀ ਐਸ ਅਧਿਕਾਰੀ ਸੁਸ਼ੀਲ ਕੁਮਾਰ ਦੀ ਅਰਜ਼ੀ ਉਪਰ ਇਹ ਕਾਰਵਾਈ ਕੀਤੀ ਹੈ, ਜੋ ਪਹਿਲੀ ਆਈ ਆਰ ਬੀ ਦਾ ਬਟਾਲੀਅਨ ਦਾ ਕਮਾਂਡੈਂਟ ਹੈ। ਇਸ ਬਾਰੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਪੰਜਾਬ ਦੇ ਚੀਫਸੈਕਟਰੀ, ਗ੍ਰਹਿ ਵਿਭਾਗ ਦੇ ਸੈਕਟਰੀ ਤੇ ਪੁਲਸ ਦੇ ਡਾਇਰੈਕਟਰ ਜਨਰਲ ਨੂੰ ਨੋਟਿਸ ਜਾਰੀ ਕਰ ਕੇ 15 ਦਿਨ ਵਿੱਚ ਜਵਾਬ ਮੰਗਿਆ ਹੈ।ਉਨ੍ਹਾ ਨੇ ਸਰਕਾਰ ਨੂੰ ਸੁਚੇਤ ਕੀਤਾ ਹੈ ਕਿ ਤਰੱਕੀ ਵਿੱਚ ਕਾਨੂੰਨੀ ਰਾਖਵਾਂਕਰਨ ਨਜ਼ਰਅੰਦਾਜ਼ ਕਰਨਾ ਜੁਰਮ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇ ਨਿਸ਼ਚਿਤ ਸਮੇਂ ਵਿੱਚ ਢੁੱਕਵੀਂ ਕਾਰਵਾਈ ਨਾ ਕੀਤੀ ਗਈ ਅਤੇ ਕਮਿਸ਼ਨ ਨੂੰ ਜਵਾਬ ਨਹੀਂ ਦਿੱਤਾ ਤਾਂ ਕਮਿਸ਼ਨ ਆਪਣੇ ਅਦਾਲਤੀ ਅਧਿਕਾਰਾਂ ਦੀ ਵਰਤੋਂ ਕਰੇਗਾ ਅਤੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਸੰਮਨ ਜਾਰੀ ਕੀਤੇ ਜਾਣਗੇ।

## ਮੋਗਾ ਦੇ ਵਕੀਲਾਂ ਅਤੇ ਸਟਾਫ਼ ਲਈ ਵੈਕਸੀਨੇਸ਼ਨ ਕੈਂਪ, ਕਰੋਨਾ ਮਹਾਂਮਾਰੀ ਤੋਂ ਬਚਾਅ ਲਈ ਲਗਭਗ 130 ਦੇ ਕਰੀਬ ਲਗਾਏ ਟੀਕੇ

ਮੋਗਾ, 3 ਜੂਨ (ਗਿਆਨ ਸਿੰਘ ) - ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਸ਼੍ਰੀ ਸੰਤ ਪ੍ਰਕਾਸ਼ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤ ਜਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੈਅਰਪਰਸਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਸ਼੍ਰੀਮਤੀ ਮਨਦੀਪ ਪੰਨੂ, ਦੀ ਅਗੁਵਾਈ ਹੇਠ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਅਤੇ ਜਿਲ੍ਹਾ ਬਾਰ ਐਸੋਸੀਏਸ਼ਨ, ਮੋਗਾ ਦੇ ਸਹਿਯੋਗ ਨਾਲ ਵਕੀਲਾਂ ਅਤੇ ਸਟਾਫ਼ ਲਈ ਵੈਕਸੀਨੇਸ਼ਨ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਸੀ.ਜੇ.ਐਮ-ਕਮ-ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਸ਼੍ਰੀ ਅਮਰੀਸ਼ ਕੁਮਾਰ ਦੁਆਰਾ ਕੀਤਾ ਗਿਆ।



ਇਸ ਮੌਕੇ ਤੇ ਸ਼੍ਰੀਮਤੀ ਮਨਦੀਪ ਪੰਨੂ, ਜਿਲ੍ਹਾ ਅਤੇ ਸੈਸ਼ਨ ਜੱਜ, ਨੇ ਵਕੀਲ, ਸਟਾਫ਼ ਅਤੇ ਆਮ ਜਨਤਾ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸਾਨੂੰ ਸਭ ਨੂੰ ਵੈਕਸੀਨ ਲਗਵਾਉਣੀ ਚਾਹੀਦੀ ਹੈ ਅਤੇ ਨਾਲ ਹੀ ਆਪਣੇ ਰਿਸ਼ਤੇਦਾਰਾਂ ਅਤੇ ਨਜ਼ਦੀਕੀ ਲੋਕਾਂ ਨੂੰ ਵੀ ਇਸ ਬਾਰੇ ਜਾਗਰੂਕ ਕਰਨਾਂ ਚਾਹੀਦਾ ਹੈ ਤਾਂ ਜ਼ੋ ਇਸ ਮਹਾਂਮਾਰੀ ਨਾਲ ਕਰੜੇ ਹੱਥੀ ਨਜਿੱਠਿਆ ਜਾ ਸਕੇ।

ਉਹਨਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਇਹ ਮਹਾਮਾਰੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ ਅਤੇ ਕੋਰੋਨਾ ਦੇ ਮਾਮਲੇ ਦਿਨ ਪ੍ਰਤੀ ਦਿਨ ਵਧਦੇ ਜਾ ਰਹੇ ਹਨ ਅਤੇ ਖੁੱਦ ਨੂੰ ਅਤੇ ਆਪਣੇ ਪਰਿਵਾਰ ਨੂੰ ਬਚਾਉਣ ਲਈ ਹਰ ਸਮੇਂ ਮਾਸਕ ਪਾ ਕੇ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਹੱਥ ਵਾਰ-2 ਧੋਣੇ ਚਾਹੀਦੇ ਹਨ ਅਤੇ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਆਪਣੇ ਮੂੰਹ ਨੂੰ ਹੱਥ ਨਹੀਂ ਲਗਾਉਣੇ ਚਾਹੀਦੇ ਜੇ ਜਰੂਰਤ ਹੋਵੇ ਤਾਂ ਪਹਿਲਾਂ ਹੱਥ ਧੋ ਲੈਣੇ ਚਾਹੀਦੇ ਹਨ।

ਇਸ ਮੌਕੇ ਜਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਦੀਦਾਰ ਸਿੰਘ ਮੱਤਾ ਅਤੇ ਸਕੱਤਰ ਸ਼੍ਰੀ ਸੁਖਵਿੰਦਰ ਸਿੰਘ ਸਿੱਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਵਿੱਚ 130 ਸਟਾਫ਼, ਵਕੀਲਾਂ ਅਤੇ ਉਹਨਾਂ ਦੇ ਪਰਿਵਾਰ ਵਾਲਿਆਂ ਨੇ ਵੈਕਸੀਨ ਲਗਵਾਈ।

## ਪੁੱਤਰ ਦੇ ਜਨਮ ਪਿੱਛੋਂ ਕੋਰੋਨਾ ਪੀੜਤ ਮਾਂ ਦੀ ਮੌਤ

ਅੰਮ੍ਰਿਤਸਰ, 3 ਜੂਨ (ਪੋਸਟ ਬਿਊਰੋ)- ਕੋਰੋਨਾ ਲਾਗ ਪੀੜਤ ਔਰਤ ਆਪਣੇ ਨਵੇਂ ਜਨਮੇ ਬੱਚੇ ਨੂੰ ਕੋਈ ਖੁਸ਼ੀ ਨਾ ਦੇ ਸਕੀ ਅਤੇ ਬੱਚੇ ਨੂੰ ਜਨਮ ਦੇਣ ਪਿੱਛੋਂ ਉਸ ਦੀ ਮੌਤ ਹੋ ਗਈ। ਦੱਸਿਆ ਗਿਆ ਹੈ ਕਿ 27 ਸਾਲਾ ਔਰਤ ਮਮਤਾ ਨੂੰ ਗਰਭਵਤੀ ਹਾਲਤ ਵਿੱਚ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਸੀ। ਮ੍ਰਿਤਕਾ ਮਮਤਾ ਜਲੰਧਰ ਦੀ ਇੰਦਰਾ ਕਾਲੋਨੀ ਦੀ ਵਸਨੀਕ ਸੀ। ਹਸਪਤਾਲ ਸਟਾਫ ਨੇ ਨਿਯਮਾਂ ਮੁਤਾਬਕ ਉਸ ਦੀ ਕੋਰੋਨਾ ਜਾਂਚ ਕੀਤੀ ਤੇ ਉਹ ਕੋਰੋਨਾ ਪੀੜਤ ਪਾਈ ਗਈ ਸੀ। ਗਾਇਨੀ ਡਾਕਟਰਾਂ ਨੇ ਉਸ ਦਾ ਸੁਰੱਖਿਅਤ ਜਣੇਪਾ ਕਰਵਾਇਆ। ਕੱਲ੍ਹ ਸਵੇਰੇ ਤਕਰੀਬਨ ਚਾਰ ਵਜੇ ਮਮਤਾ ਨੇ ਦਮ ਤੋੜ ਦਿੱਤਾ। ਡਾਕਟਰਾਂ ਮੁਤਾਬਕ ਔਰਤ ਨੂੰ ਕੋਰੋਨਾ ਸੀ ਤੇ ਉਹ ਨਿਮੋਨੀਆ ਦੀ ਲਪੇਟ ਵਿੱਚ ਸੀ। ਉਸ ਨੇ ਕੋਰੋਨਾ ਵੈਕਸੀਨ ਨਹੀਂ ਲਵਾਈ ਸੀ। ਡਾਕਟਰਾਂ ਨੇ ਕੋਰੋਨਾ ਨਿਯਮਾਂ ਮੁਤਾਬਕ ਪੀ ਪੀ ਈ ਕਿੱਟਾਂ ਪਾ ਕੇ ਉਸ ਦਾ ਜਣੇਪਾ ਕਰਵਾਇਆ। ਜਣੇਪਾ ਮੁਕੰਮਲ ਸੁਰੱਖਿਅਤ ਸੀ।

## ਇਨੋਵਾ ਗੱਡੀ ਖੋਹਣ ਵਾਲਾ ਨਕੋਦਰ ਦੇ ਪਿੰਡ ਨੂਰਪੁਰ ਚੱਠਾ ਤੋਂ ਕਾਬੂ

ਜਲੰਧਰ, 3 ਜੂਨ (ਪੋਸਟ ਬਿਊਰੋ)- ਬੀਤੇ ਸੋਮਵਾਰ ਨੂੰ ਜਲੰਧਰ ਦੇ ਜੋਤੀ ਨਗਰ ਇਨਕਮ ਟੈਕਸ ਕਾਲੋਨੀ ਕੋਲੋਂ ਇਨੋਵਾ ਗੱਡੀ ਖੋਹ ਕੇ ਭੱਜੇ ਨੌਜਵਾਨ ਨੂੰ ਜਲੰਧਰ ਕਮਿਸ਼ਨਰੇਟ ਪੁਲਸ ਨੇ 24 ਘੰਟਿਆਂ ਵਿੱਚ ਨਕੋਦਰ ਦੇ ਪਿੰਡ ਨੂਰਪੁਰ ਤੋਂ ਕਾਬੂ ਕਰ ਲਿਆ ਅਤੇ ਉਸ ਕੋਲੋਂ ਇਨੋਵਾ ਗੱਡੀ ਵੀ ਬਰਾਮਦ ਕਰ ਲਈ ਹੈ।

ਡੀ ਸੀ ਪੀ ਗੁਰਮੀਤ ਸਿੰਘ ਨੇ ਦੱਸਿਆ ਕਿ ਸੋਮਵਾਰ ਨੂੰ ਬਜ਼ੁਰਗ ਔਰਤ ਬਲਬੀਰ ਕੌਰ ਵਾਸੀ ਮਾਡਲ ਟਾਊਨ ਨੂੰ ਉਸ ਦੀ ਇਨੋਵਾ ਗੱਡੀ ਸਮੇਤ ਇੱਕ ਨੌਜਵਾਨ ਭਜਾ ਕੇ ਲੈ ਗਿਆ ਸੀ। ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਇਹ ਕੇਸ ਹੱਲ ਕਰਨ ਲਈ ਸਪੈਸ਼ਲ ਆਪਰੇਸ਼ਨ ਯੂਨਿਟ ਦੇ ਮੁਖੀ ਸਬ ਇੰਸਪੈਕਟਰ ਹਰਮਿੰਦਰ ਸਿੰਘ, ਸੀ ਆਈ ਏ ਸਟਾਫਦੇ ਮੁਖੀ ਇੰਸਪੈਕਟਰ ਰਮਨਦੀਪ ਸਿੰਘ ਤੇ ਥਾਣਾ ਛੇ ਦੇ ਮੁਖੀ ਇੰਸਪੈਕਟਰ ਸੁਰਜੀਤ ਸਿੰਘ ਗਿੱਲ ਉੱਤੇ ਆਧਾਰਤ ਟੀਮ ਬਣਾਈ ਸੀ। ਇਸ ਟੀਮ ਨੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖੀ ਤਾਂ ਇੱਕ ਵਿਅਕਤੀ ਉਸ ਇਲਾਕੇ ਵਿੱਚ ਘੁੰਮਦਾ ਦਿਖਾਈ ਦਿੱਤਾ ਤੇ ਗੱਡੀ ਖੋਹਣ ਦੀ ਜਗ੍ਹਾ ਤੋਂ ਕੈਮਰਿਆਂ ਦੀ ਫੁਟੇਜ ਚੈਕ ਕਰਦੀ ਟੀਮ ਨਕੋਦਰ, ਮਲਸੀਆਂ ਤੱਕ ਪਹੁੰਚੀ। ਨਕੋਦਰ ਸਦਰ ਦੇ ਇਲਾਕੇ ਵਿੱਚ ਪੁਲਸ ਨੂੰ ਓਦੋਂ ਸਫਲਤਾ ਮਿਲੀ ਜਦ ਪੁਲਸ ਵੱਲੋਂ ਇਲਾਕੇ ਵਿੱਚ ਅਜਿਹੇ ਨੌਜਵਾਨ ਬਾਰੇ ਭਾਲ ਕੀਤੀ ਅਤੇ ਪਤਾ ਲੱਗਾ ਕਿ ਇਹੋ ਜਿਹਾ ਵਿਅਕਤੀ ਪਿੰਡ ਨੂਰਪੁਰ ਚੱਠਾ ਵਿੱਚ ਰਹਿੰਦਾ ਹੈ। ਪੁਲਸ ਨੇ ਜਦ ਉਸ ਪਿੰਡ ਵਿੱਚ ਛਾਪਾ ਮਾਰਿਆ ਤਾਂ ਗੱਡੀ ਉਥੋਂ ਮਿਲ ਗਈ ਤੇ ਪੁਲਸ ਨੇ ਮੌਕੇ ਤੋਂ ਜਸਬੀਰ ਸਿੰਘ ਉਰਫ ਜੱਸਾ ਪਿੰਡ ਨੂਰਪੁਰ ਚੱਠਾ ਨੂੰ ਗ੍ਰਿਫਤਾਰ ਕਰ ਲਿਆ। ਜਾਂਚ ਵਿੱਚ ਭੇਦ ਖੁੱਲ੍ਹਾ ਕਿ ਜੱਸਾ ਕੰਪਨੀ ਬਾਗ ਜਲੰਧਰ ਲਾਗੇ ਕੋਆਪਰੇਟਿਵ ਸੁਸਾਈਟੀ ਵਿੱਚ ਇੱਕ ਅਧਿਕਾਰੀ ਦੀ ਗੱਡੀ ਪਿਛਲੇ ਤਿੰਨ ਸਾਲ ਤੋਂ ਚਲਾ ਰਿਹਾ ਸੀ। ਦੋ ਮਹੀਨੇ ਪਹਿਲਾਂ ਉਸ ਅਸਫਰ ਦੀ ਬਦਲੀ ਹੋ ਗਈ ਤਾਂ ਜੱਸਾ ਵਿਹਲਾ ਹੋ ਗਿਆ। ਪਿਛਲੇ ਤਿੰਨ ਦਿਨਾਂ ਤੋਂ ਉਹ ਮਾਡਲ ਟਾਊਨ ਅਰਬਨ ਅਸਟੇਟ ਇਲਾਕੇ ਵਿੱਚ ਘੁੰਮ ਕੇ ਕੋਈ ਗੱਡੀ ਚੋਰੀ ਕਰਨ ਦੀ ਤਾਕ ਵਿੱਚ ਸੀ ਕਿ ਉਸ ਨੂੰ ਇਨੋਵਾ ਗੱਡੀ ਚਾਲੂ ਹਾਲਤ ਵਿੱਚ ਮਿਲ ਗਈ।



# ਪਿਛਲੇ ਸਾਲ ਰੇਲਾਂ ਘੱਟ ਚੱਲੀਆਂ, ਪਰ ਪਟੜੀਆਂ ਉਤੇ 8700 ਤੋਂ ਵੱਧ ਲੋਕਾਂ ਨੇ ਜਾਨ ਗੁਆਈ



ਨਵੀਂ ਦਿੱਲੀ, 3 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਦੇ ਸਮੇਂ ਦੌਰਾਨ ਪਿਛਲੇ ਸਾਲ ਭਾਰਤ ਵਿੱਚ ਲਾਗੂ ਲਾਕਡਾਊਨ ਦੇ ਦੌਰਾਨ ਯਾਤਰੀ ਰੇਲ ਸੇਵਾਵਾਂ ਦੌ ਭਾਰੀ ਕਟੌਤੀ ਦੇ ਬਾਵਜੂਦ 8700 ਤੋਂ ਵੱਧ ਲੋਕਾਂ ਦੀ ਰੇਲ ਪਟੜੀਆਂ ਉੱਤੇ ਕੁਚਲੇ ਜਾਣ ਕਾਰਨ ਮੌਤ ਹੋ ਗਈ, ਜਿਸ ਤੋਂ ਹਰ ਕੋਈ ਹੈਰਾਨ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਪਰਵਾਸੀ ਮਜ਼ਦੂਰ ਸਨ। ਮੱਧ ਪ੍ਰਦੇਸ਼ ਦੇ ਕਾਰਕੁਨ ਚੰਦਰ ਸ਼ੇਖਰ ਗੌੜ ਨੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਇਨ੍ਹਾਂ ਮੌਤਾਂ ਬਾਰੇ ਜਾਣਕਾਰੀ ਮੰਗੀ ਸੀ ਤੇ ਰੇਲਵੇ ਬੋਰਡ ਨੇ ਜਨਵਰੀ ਤੋਂ ਦਸੰਬਰ 2020 ਤੱਕ ਦੇ ਅੰਕੜੇ ਜਾਰੀ ਕੀਤੇ ਹਨ। ਬੋਰਡ ਨੇ ਕਿਹਾ, 'ਸੂਬਾ ਪੁਲਸ ਤੋਂ ਮਿਲੀ ਸੂਚਨਾ ਮੁਤਾਬਕ ਜਨਵਰੀ ਤੋਂ ਦਸੰਬਰ 2020 ਤੱਕ ਰੇਲ ਪਟੜੀਆਂ ਉੱਤੇ ਕੁਚਲੇ ਜਾਣ ਨਾਲ 8733 ਲੋਕਾਂ ਦੀ ਮੌਤ ਹੋਈ ਅਤੇ 805 ਜ਼ਖਮੀ ਹੋਏ ਹਨ।' ਅਧਿਕਾਰੀਆਂ ਨੇ ਵੱਖਰੇ ਤੌਰ ਉੱਤੇ ਕਿਹਾ ਕਿ ਇਨ੍ਹਾਂ ਵਿੱਚੋਂ ਬਹੁਤੇ ਪਰਵਾਸੀ ਮਜ਼ਦੂਰ ਸਨ, ਜੋ ਰੇਲ ਪਟੜੀਆਂ ਰਾਹੀਂ ਘਰ ਪਰਤ ਰਹੇ ਸਨ, ਕਿਉਂਕਿ ਸੜਕਾਂ ਜਾਂ ਮਾਰਗਾਂ ਦੇ ਮੁਕਾਬਲੇ ਇਹ ਪੈਂਡਾ ਛੋਟਾ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਮਜ਼ਦੂਰਾਂ ਨੇ ਇਹ ਰਸਤਾ ਲਾਕਡਾਊਨ ਦੀ ਉਲੰਘਣਾ ਕਾਰਨ ਪੁਲਸ ਦੇ ਡਰੋਂ ਵੀ ਲਿਆ ਹੋ ਸਕਦਾ ਹੈ।

ਰੇਲਵੇ ਦੇ ਬੁਲਾਰੇ ਡੀ ਜੇ ਨਾਰ-ਾਇਣ ਨੇ ਕਿਹਾ ਕਿ ਰੇਲ ਪਟੜੀਆਂ ਉੱਤੇਇਹ ਘਟਨਾਵਾਂ ਕਿਸੇ ਹਾਦਸੇ ਕਾਰਨ ਨਹੀਂ, ਸਗੋਂ ਗਲਤੀ ਨਾਲ ਵਾਪਰਦੀਆਂ ਹਨ। ਉਨ੍ਹਾਂ ਕਿਹਾ ਕਿ 'ਇਹ ਨਾਗਰਿਕਾਂ ਦੀ ਚਿੰਤਾ ਦਾ ਮਸਲਾ ਹੈ। ਰੇਲ ਪਟੜੀਆਂ ਉੱਤੇ ਹਾਦਸਿਆਂ ਨੂੰ ਰੋਕਣ ਲਈ ਰੇਲਵੇ ਹਮੇਸ਼ਾ ਕੋਸ਼ਿਸ਼ਾਂ ਕਰਦਾ ਰਹਿੰਦਾ ਹੈ। ਦੇਸ਼ ਵਿੱਚ ਸੱਤਰ ਹਜ਼ਾਰ ਦੇ ਲਗਭਗ ਰੇਲ ਪਟੜੀਆਂ ਹਨ, ਜਿਨ੍ਹਾਂ ਉੱਤੇ ਰੋਜ਼ 17 ਹਜ਼ਾਰ ਤੋਂ ਵੱਧ ਰੇਲ ਗੱਡੀਆਂ ਲੰਘਦੀਆਂ ਹਨ। ਇਸ ਤਰ੍ਹਾਂ ਮੌਤਾਂ ਹੋਣਾ ਮੰਦਭਾਗਾ ਹੈ।' ਉਨ੍ਹਾਂ ਨੇ ਲੋਕਾਂ ਨੂੰ ਰੇਲ ਪਟੜੀਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ।

# ਕੋਰੋਨਾ ਮਰੀਜ਼ ਦੀ ਮੌਤ ਹੋਣ ਉੱਤੇ ਜੂਨੀਅਰ ਡਾਕਟਰ ਕੁੱਟ ਸੁੱਟਿਆ

ਗੁਹਾਟੀ, 3 ਜੂਨ (ਪੋਸਟ ਬਿਊਰੋ)- ਅਸਾਮ ਦੇ ਮੁੱਖ ਮੰਤਰੀ ਹਿੰਮਤ ਬਿਸਵਾ ਸ਼ਰਮਾ ਨੇ ਦੱਸਿਆ ਕਿ ਹੋਜਾਈ ਜ਼ਿਲ੍ਹੇ ਵਿੱਚ ਇੱਕ ਡਾਕਟਰ ਨੂੰ ਕੁੱਟਣ ਦੇ ਦੋਸ਼ ਵਿੱਚ 24 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਦੇ ਮੁਤਾਬਕ ਉਹ ਇਸ ਕੇਸ ਵਿੱਚ ਜਲਦੀ ਹੀ ਦੋਸ਼ ਪੱਤਰ ਦਾਖ਼ਲ ਕਰੇਗੀ, ਤਾਂ ਕਿ ਕੱਲ੍ਹ ਉਡਾਲੀ ਕੋਵਿਡ ਦੇਖਭਾਲ ਕੇਂਦਰ ਵਿੱਚ ਡਾ. ਸੀਊਜ ਕੁਮਾਰ ਸੇਨਾਪਤੀ ਨਾਲ ਕੀਤੀ ਗਈ ਕੁੱਟਮਾਰ ਦੇ ਕੇਸ ਵਿੱਚ ਸ਼ਾਮਲ ਸਾਰੇ ਲੋਕਾਂ ਨੂੰ ਸਜ਼ਾ ਦਿੱਤੀ ਜਾ ਸਕੇ।

ਅਸਲ ਵਿੱਚ ਅਸਾਮ ਦੇ ਇੱਕ ਕੋਵਿਡ ਕੇਅਰ ਸੈਂਟਰ ਵਿੱਚ ਕੋਰੋਨਾ ਪੀੜਤ ਮਰੀਜ਼ ਦੀ ਮੌਤ ਮਗਰੋਂ ਭੀੜ ਨੇ ਇੱਕ ਜੂਨੀਅਰ ਡਾਕਟਰ ਦੀ ਕੁੱਟਮਾਰ ਕੀਤੀ ਸੀ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ ਉੱਤੇਚੜ੍ਹ ਗਿਆ ਹੈ ਤਾਂ ਇਸ ਦੇ ਬਾਅਦ ਡਾਕਟਰਾਂ ਅਤੇ ਹੋਰ ਲੋਕਾਂ ਨੇ ਇਸ ਵਿਰੁੱਧ ਤਿੱਖਾ ਪ੍ਰਤੀਕਰਮ ਦਿੱਤਾ ਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਤੱਕ ਕੰਮ ਬੰਦ ਕਰਨ ਦੀ ਅਪੀਲ ਕੀਤੀ ਹੈ। ਡਾ. ਸੇਉਜ ਦੇ ਮੁਤਾਬਕ ਮਰੀਜ਼ ਦੇ ਰਿਸ਼ਤੇਦਾਰ ਨੇ ਮੈਨੂੰ ਦੱਸਿਆ ਕਿ ਉਸ ਨੇ ਸਵੇਰ ਤੋਂ ਪਿਸ਼ਾਬ ਨਹੀਂ ਕੀਤਾ। ਮੈਂ ਜਾਂਚ ਕਰਨ ਗਿਆ ਤਾਂ ਉਹ ਅੱਗੇਮ੍ਰਿਤਕ ਪਿਆ ਸੀ। ਇਸ ਪਿੱਛੋਂ ਮਰੀਜ਼ ਦੇ ਰਿਸ਼ਤੇਦਾਰਾਂ ਨੇ ਮੈਨੂੰ ਗਾਲਾਂ ਕੱਢੀਆਂ ਤੇ ਕੁੱਟਣਾ ਸ਼ੁਰੂ ਕਰ ਦਿੱਤਾ। ਭਾਰਤੀ ਡਾਕਟਰ ਐਸੋਸੀਏਸ਼ਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਲਿਖ ਕੇ ਡਾਕਟਰ ਉੱਤੇ ਹਮਲੇ ਨੂੰ ਗ਼ੈਰ ਮਨੁੱਖੀ ਕਰਾਰ ਦਿੰਦਿਆਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।




# ਨਰਿੰਦਰ ਮੋਦੀ ਨੂੰ ਸ਼ਿਕਾਇਤ ਭੇਜ ਕੇ ਮਾਹੀਰੂਹ ਸਟਾਰ ਬਣੀ



ਸ੍ਰੀਨਗਰ, 3 ਜੂਨ (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੀ ਛੇ ਸਾਲਾ ਬੱਚੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੀਤੀ ਗਈ ਅਪੀਲ ਵਾਇਰਲ ਹੋ ਗਈ ਹੈ। ਮਾਹੀਰੂਹ ਇਰਫਾਨ ਨੇ 71 ਸਕਿੰਟ ਦੀ ਵੀਡੀਓ ਵਿੱਚ ਆਨਲਾਈਨ ਕਲਾਸ ਬਾਰੇ ਗੱਲਬਾਤ ਕੀਤੀ ਹੈ। ਵੀਡੀਓ ਵਾਇਰਲ ਹੋਣ ਤੋਂ ਬਾਅਦ ਨਿੱਕੀ ਬੱਚੀਦੇ ਘਰ ਅੱਗੇ ਮੀਡੀਆ ਕੈਮਰਿਆਂ ਦੀ ਕਤਾਰ ਲੱਗ ਗਈ ਹੈ, ਜੋ ਉਸ ਦੀ 'ਸਾਊਂਡਬਾਈਟ' ਲੈਣ ਲਈ ਉਥੇ ਪੁੱਜੇ ਹਨ।

ਮਾਹੀਰੂਹ ਅਤੇ ਉਸ ਦਾ ਪਰਵਾਰ ਇਸ ਸਭ ਦਾ ਆਨੰਦ ਲੈ ਰਿਹਾ ਹੈ। ਬੀਤੇ ਸੋਮਵਾਰ ਨੂੰ ਵਾਇਰਲ ਹੋਈ ਵੀਡੀਓ ਨਾਲ ਬੱਚੀ ਮੀਡੀਆ ਸਟਾਰ ਬਣ ਗਈ ਹੈ। ਜਦ ਉਸ ਨੂੰ ਪੁੱਛਿਆ ਗਿਆ ਕਿ ਪ੍ਰਧਾਨ ਮੰਤਰੀ ਨੂੰ ਵੀਡੀਓ ਕਿਉਂ ਪੋਸਟ ਕੀਤੀ ਤਾਂ ਉਸ ਨੇ ਕਿਹਾ ਕਿ ਕੋਵਿਡ ਦੌਰਾਨ ਬਹੁਤ ਜ਼ਿਆਦਾ ਪੜ੍ਹਾਈ ਆਨਲਾਈਨ ਹੋ ਰਹੀ ਹੈ। ਬੱਚਿਆਂ ਨੂੰ ਖੇਡਣ ਲਈ ਵੀ ਕੁਝ ਸਮਾਂ ਮਿਲਣਾ ਚਾਹੀਦਾ ਹੈ। ਪੱਤਰਕਾਰਾਂ ਨੂੰ ਉਸ ਨੇ ਦੱਸਿਆ ਕਿ ਪਹਿਲਾਂ ਕਲਾਸ ਲੱਗਦੀ ਹੈ ਤੇ ਫਿਰ ਹੋਮਵਰਕ ਮਿਲਦਾ ਹੈ। ਵੀਡੀਓ ਵਿਚ ਮਾਹੀਰੂਹ ਪ੍ਰਧਾਨ ਮੰਤਰੀ ਨੂੰ ਹੋਮਵਰਕ ਦਾ ਬੋਝ ਘਟਾਉਣ ਦੀ ਅਪੀਲ ਕਰ ਰਹੀ ਹੈ। ਬੱਚੀ ਦੀ ਵੀਡੀਓ ਵਾਇਰਲ ਹੋਣ ਪਿੱਛੋਂ ਜੰਮੂ ਕਸ਼ਮੀਰ ਦੇ ਲੈਫਟੀਨੈਂਟ ਜਨਰਲ ਮਨੋਜ ਸਿਨਹਾ ਨੇ ਸਕੂਲ ਸਿੱਖਿਆ ਵਿਭਾਗ ਨੂੰ ਹੁਕਮ ਦਿੱਤਾ ਹੈ ਕਿ ਉਹ 48 ਘੰਟਿਆਂ ਵਿੱਚ ਕੋਈ ਨੀਤੀ ਬਣਾਉਣ ਤਾਂ ਕਿ ਸਕੂਲੀ ਵਿਦਿਆਰਥੀਆਂ ਤੋਂ ਬੋਝ ਘਟਾਇਆ ਜਾ ਸਕੇ। ਵੀਡੀਓ ਵਿੱਚ ਬੱਚੀ ਨਰਿੰਦਰ ਮੋਦੀ ਨੂੰ ਸਲਾਮ ਕਰ ਕੇ ਕਹਿੰਦੀ ਹੈ, 'ਮੋਦੀ ਸਾਹਿਬ! ਮੇਰੀ ਕਲਾਸ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ ਦੋ ਵਜੇ ਤੱਕ ਲੱਗਦੀ ਹੈ। ਐਨਾ ਹੋਮਵਰਕ ਤਾਂ ਛੇਵੀਂ, ਸੱਤਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮਿਲਦਾ ਹੈ। ਨਿੱਕੇ ਬੱਚਿਆਂ ਨੂੰ ਐਨਾ ਕੰਮ ਕਿਉਂ ਦਿੱਤਾ ਜਾ ਰਿਹਾ ਹੈ ਮੋਦੀ ਸਾਹਿਬ?'

# ਕੇਂਦਰੀ ਮੰਤਰੀ ਮੰਡਲ ਵੱਲੋਂ ਮਾਡਲ ਕਿਰਾਏਦਾਰੀ ਕਾਨੂੰਨ ਉਤੇ ਮੋਹਰ



ਨਵੀਂ ਦਿੱਲੀ, 3 ਜੂਨ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਮੰਤਰੀ ਮੰਡਲ ਨੇ ਕੱਲ੍ਹ ਵਿਆਪਕ ਤਬਦੀਲੀਆਂ ਦੇ ਮਕਸਦ ਨਾਲ ਮਾਡਲ ਕਿਰਾਏਦਾਰੀ ਕਾਨੂੰਨ (ਐਮ ਟੀ ਏ) ਉੱਤੇ ਮੋਹਰ ਲਾ ਦਿੱਤੀ ਹੈ। ਇਸ ਦੇ ਨਾਲ ਜ਼ਿਲ੍ਹਿਆਂ ਵਿੱਚ ਕਿਰਾਏਦਾਰਾਂ ਅਤੇ ਮਾਲਕਾਂ ਦੇ ਹਿੱਤਾਂ ਦੀ ਰੱਖਿਆ ਲਈ ਕਿਰਾਇਆ ਅਥਾਰਟੀ, ਕੋਰਟ ਅਤੇ ਟ੍ਰਿਬਿਊਨਲ ਬਣਾਏਜਾਣਗੇ। ਰਿਹਾਇਸ਼ੀ ਕੰਪਲੈਕਸ ਲਈ ਕਿਰਾਏਦਾਰ ਨੂੰ ਵੱਧ ਤੋਂ ਵੱਧ ਦੋ ਮਹੀਨੇ ਦੇ ਕਿਰਾਏ ਜਿੰਨੀ ਸਕਿਓਰਿਟੀ ਜਮ੍ਹਾਂ ਕਰਾਉਣੀ ਹੋਵੇਗੀ, ਜਦ ਕਿ ਕਾਰੋਬਾਰੀ ਜਾਇਦਾਦ ਲਈ ਛੇ ਮਹੀਨੇ ਦੇ ਕਿਰ-ਾਏ ਦੇ ਬਰਾਬਰ ਦੀ ਹੋਵੇਗੀ।

ਮਿਲੀ ਜਾਣਕਾਰੀ ਅਨੁਸਾਰ ਰਾਜ ਅਤੇ ਕੇਂਦਰ ਸ਼ਾਸਤ ਸੂਬੇ ਨਵਾਂ ਕਾਨੂੰਨ ਬਣਾ ਕੇ ਜਾਂ ਮੌਜੂਦਾ ਨਿਯਮ ਵਿੱਚ ਸੋਧ ਦੇ ਨਾਲ ਮਾਡਲ ਕਿਰਾਏਦਾਰੀ ਕਾਨੂੰਨ ਨੂੰ ਲਾਗੂ ਕਰ ਸਕਦੇ ਹਨ। ਇਸ ਹੇਠ ਨਵੇਂ ਕਿਰਾਏਦਾਰਾਂ ਨਾਲ ਲਿਖਤੀ ਸਮਝੌਤਾ ਕਰਨਾ ਹੋਵੇਗਾ ਅਤੇ ਉਸ ਨੂੰ ਸਬੰਧਤ ਜ਼ਿਲ੍ਹੇ ਦੀ ਕਿਰਾਇਆ ਅਥਾਰਟੀ ਕੋਲ ਜਮ੍ਹਾ ਕਰਾਉਣਾ ਹੋਵੇਗਾ।ਸਰਕਾਰ ਨੇ ਕਿਹਾ ਕਿ ਮਾਡਲ ਕਾਨੂੰਨ ਨਾਲ ਮੌਜੂਦਾ ਕਿਰਾਏਦਾਰੀ ਪ੍ਰਭਾਵਤ ਨਹੀਂ ਹੋਵੇਗੀ। ਜਿਸ ਕੰਪਲੈਕਸ ਵਿੱਚ ਕਿਰਾਏਦਾਰ ਰਹਿੰਦੇ ਹਨ ਉਸ ਵਿੱਚ ਜ਼ਰੂਰੀ ਸੇਵਾਵਾਂ ਦੀ ਸਪਲਾਈ ਨੂੰ ਮਕਾਨ ਮਾਲਕ ਰੋਕ ਨਹੀਂ ਸਕਦਾ। ਸਮਝੌਤੇ ਦੀ ਮਿਆਦ ਖਤਮ ਹੋਣ ਉੱਤੇ ਜੇ ਕਿਰਾਏਦਾਰ ਮਕਾਨ ਖਾਲੀ ਨਹੀਂ ਕਰ ਸਕਿਆ ਤਾਂ ਅਗਲੇ ਦੋ ਮਹੀਨੇ ਤੱਕ ਉਸ ਨੂੰ ਤੈਅ ਕਿਰਾਏ ਦੀ ਦੁੱਗਣੀ ਰਕਮ ਦਾ ਭੁਗਤਾਨ ਕਰਨਾ ਹੋਵੇਗਾ। ਉਸ ਪਿੱਛੋਂ ਰਕਮ ਚਾਰ ਗੁਣੀ ਹੋ ਜਾਏਗੀ। ਮਕਾਨ ਮਾਲਕ ਸਕਿਓਰਿਟੀ ਦੇ ਪੈਸੇ ਸਮੇਂ ਉੱਤੇ ਨਹੀਂ ਮੋੜਦਾ ਤਾਂ ਉਸ ਨੂੰ ਉਸ ਰਕਮ ਉੱਤੇ ਨਾਰਮਲ ਵਿਆਜ ਭਰਨਾ ਹੋਵੇਗਾ। ਜਾਇਦਾਦ ਦੀ ਮੁਰੰਮਤ ਦੀ ਜ਼ਿੰਮੇਵਾਰੀ ਮਾਲਕ ਦੀ ਹੋਵੇਗੀ। ਨਾਲਿਆਂ ਦੀ ਸਫਾਈ, ਸਵਿਚ ਤੇ ਸਾਕੇਟ ਆਦਿ ਦੀ ਮੁਰੰਮਤ, ਦਰਵਾਜ਼ੇ ਅਤੇ ਖਿੜਕੀਆਂ ਵਿੱਚ ਲੱਗੇ ਸ਼ੀਸ਼ੇ ਦੇ ਪੈਨਲਾਂ ਨੂੰ ਬਦਲਣ ਅਤੇ ਖੁੱਲ੍ਹੇ ਸਥਾਨ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਕਿਰਾਏਦਾਰ ਦੀ ਹੋਵੇਗੀ।

ਇਸ ਬਾਰੇ ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਹਰਦੀਪ ਸਿੰਘ ਪੁਰੀ ਦਾ ਕਹਿਣਾ ਹੈ ਕਿ ਇਸ ਕਦਮ ਨਾਲ ਸਾਰੇ ਦੇਸ਼ ਵਿੱਚ ਕਿਰਾਏ ਦੀ ਰਿਹਾਇਸ਼ ਨਾਲ ਸਬੰਧਤ ਕਾਨੂੰਨੀ ਢਾਂਚੇ ਨੂੰ ਬਦਲਣ ਵਿੱਚ ਮਦਦ ਮਿਲੇਗੀ। ਦੇਸ਼ ਦੇ ਸ਼ਹਿਰੀ ਖੇਤਰਾਂ ਵਿੱਚ ਇੱਕ ਕਰੋੜ ਤੋਂ ਜ਼ਿਆਦਾ ਮਕਾਨ ਖਾਲੀ ਪਏ ਸਨ। ਇੱਕ ਕਰੋੜ ਘਰਾਂ ਨੂੰ ਕਿਰਾਏ ਉੱਤੇ ਮੁਹੱਈਆ ਕਰਵਾ ਕੇ ਸਾਲ 2022 ਤਕ ਸਭ ਦੇ ਲਈ ਰਿਹਾਇਸ਼ ਦੇ ਟੀਚੇ ਨੂੰ ਪੂਰਾ ਕੀਤਾ ਜਾ ਸਕਦਾ ਹੈ।

# ਬਬੀਤਾ ਫੋਗਾਟ ਵੀ ਬੋਲੀ, ਅੰਦੋਲਨ ਕਰਨ ਵਾਲੇ ਕਿਸਾਨ ਨਹੀਂ, ਵਿਰੋਧੀ ਅਤੇ ਫੇਸਬੁਕੀਏ ਹਨ

ਸੋਨੀਪਤ, 3 ਜੂਨ (ਪੋਸਟ ਬਿਊਰੋ)- ਮਹਿਲਾ ਕੁਸ਼ਤੀ ਵਿੱਚ ਭਾਰਤ ਦਾ ਨਾਂਅ ਰੋਸ਼ਨ ਕਰਨ ਵਾਲੀ ਦੰਗਲ ਗਰਲ ਬਬੀਤਾ ਫੋਗਾਟ ਖੇਤੀ ਸੁਧਾਰ ਕਾਨੂੰਨਾਂ ਦੇ ਖਿਲਾਫ ਅੰਦੋਲਨ ਕਰਨ ਵਾਲਿਆਂ ਦੇ ਵਿਹਾਰ ਤੋਂ ਦੁਖੀ ਹੈ। ਬੀਤੇ ਸੋਮਵਾਰ ਨੂੰ ਆਪਣੀ ਗੱਡੀ ਉੱਤੇ ਹੋਏ ਹਮਲੇ ਦਾ ਜ਼ਿਕਰ ਕਰਦੇ ਹੋਏ ਉਹ ਭਾਵੁਕ ਹੋ ਗਈ ਤੇ ਅੱਖਾਂ ਵਿੱਚ ਅੱਥਰੂ ਆ ਗਏ। ਉਨ੍ਹਾਂ ਨੇ ਭਰੀਆਂ ਅੱਖਾਂ ਨਾਲ ਕਿਹਾ ਕਿ ਇਹਲੋਕ ਕਿਸਾਨ ਨਹੀਂ ਹੋ ਸਕਦੇ, ਇਹ ਵਿਰੋਧੀ ਅਤੇ ਫੇਸਬੁਕੀਏ ਹਨ, ਜੋ ਭਾਜਪਾ ਨੇਤਾਵਾਂ ਉੱਤੇ ਹਮਲੇ ਕਰਦੇ ਹਨ ਅਤੇ ਇਹ ਕਿਸੇ ਤਰ੍ਹਾਂ ਵੀ ਠੀਕ ਨਹੀਂ ਹੈ।

ਹਰਿਆਣਾ ਮਹਿਲਾ ਵਿਕਾਸ ਨਿਗਮ ਦੀ ਚੇਅਰਪਰਸਨ ਬਬੀਤਾ ਫੋਗਾਟ ਨੇ ਇਥੇ ਪੱਤਰਕਾਰਾਂ ਗੱਲਬਾਤ ਕਰਨ ਵੇਲੇ ਦਾਦਰੀ ਦੇ ਉਸ ਦ੍ਰਿਸ਼ ਨੂੰ ਯਾਦ ਕਰਦੇ ਹੋਏ ਕਿਹਾ ਕਿ ਅਚਾਨਕ ਹੰਗਾਮਾ ਕਰਨ ਵਾਲਿਆਂ ਨੇ ਗੱਡੀਆਂ ਉੱਤੇ ਡੰਡੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਸ਼ੀਸ਼ਾ ਵੀ ਤੋੜ ਦਿੱਤਾ। ਗੱਡੀ ਵਿੱਚ ਮੇਰਾ ਬੇਟਾ ਵੀ ਸੀ, ਜੇ ਉਸ ਨੂੰ ਕੁਝ ਹੋ ਜਾਂਦਾ ਤਾਂ ਕੌਣ ਜ਼ਿੰਮੇਵਾਰ ਹੁੰਦਾ? ਮੈਂ ਮੈਡਲ ਜਿੱਤੇ ਸਨ ਤਾਂ ਉਹ ਕਿਸੇ ਇੱਕ ਵਰਗ ਲਈ ਨਹੀਂ ਸਨ। ਪੂਰੇ ਦੇਸ਼ ਲਈ ਹੋਏ ਜਿੱਤੇ ਸਨ। ਅੱਜ ਮੈਨੂੰ ਮਾੜੇ ਸ਼ਬਦ ਕਹੇ ਜਾ ਰਹੇ ਹਨ। ਆਖਰ ਮੈਂ ਅਜਿਹਾ ਕੀ ਕਰ ਦਿੱਤਾ ਹੈ। ਕੀ ਇਹ ਸਾਡੇ ਸਮਾਜ ਜਾਂ ਹਰਿਆਣਾ ਦੇ ਸੰਸਕਾਰ ਹਨ ਕਿ ਧੀਆਂ-ਭੈਣਾਂ ਨੂੰ ਗਾਲ੍ਹਾਂ ਕੱਢੋ। ਉਨ੍ਹਾਂ ਨੇ ਕਿਹਾ ਕਿ ਜਿਸ ਪਿੰਡ ਵਿੱਚ ਪ੍ਰੋਗਰਾਮ ਸੀ, ਉਥੇ ਕਿਸੇ ਨੇ ਵੀ ਵਿਰੋਧ ਨਹੀਂ ਕੀਤਾ, ਵਿਰੋਧ ਕਰਨ ਵਾਲੇ ਸ਼ਰਾਰਤੀ ਅਨਸਰ ਤੇ ਵਿਰੋਧੀ ਧਿਰ ਦੇ ਲੋਕ ਸਨ। ਕਿਸਾਨਾਂ ਦੇ ਇਹ ਸੰਸਕਾਰ ਨਹੀਂ ਹਨ, ਉਹ ਅਜਿਹਾ ਨਹੀਂ ਕਰ ਸਕਦੇ। ਕਿਸਾਨ ਕਦੇ ਹੰਗਾਮਾ ਜਾਂ ਦੂਸਰਿਆਂ ਦਾ ਨੁਕਸਾਨ ਨਹੀਂ ਕਰਦੇ। ਲੋਕਤੰਤਰ ਵਿੱਚ ਅੰਦੋਲਨ ਦਾ ਹੱਕ ਸਭ ਨੂੰ ਹੈ, ਪਰ ਇਸ ਲਈ ਦੂਸਰਿਆਂ ਦਾ ਨੁਕਸਾਨ ਨਹੀਂ ਕਰ ਸਕਦੇ। ਉਸ ਨੇ ਕਿਹਾ ਕਿ ਇੱਕ ਹੱਦ ਵਿੱਚ ਰਹਿ ਕੇ ਵਿਰੋਧ ਕਰਨਾ ਚਾਹੀਦਾ ਹੈ, ਕਿਸੇ ਉੱਤੇ ਹਮਲਾ ਕਰਨਾ ਗਲਤ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਵੱਲੋਂ ਕੋਸ਼ਿਸ਼ ਕਰ ਰਹੀ ਹੈ, 12 ਵਾਰ ਗੱਲਬਾਤ ਹੋਈ ਹੈ। ਤਿੰਨਾਂ ਕਾਨੂੰਨਾਂ ਬਾਰੇ ਜੋ ਸ਼ੰਕੇ ਹਨ, ਸਰਕਾਰ ਉਹ ਦੂਰ ਕਰਨ ਨੂੰ ਤਿਆਰ ਹੈ। ਸੋਧ ਲਈ ਵੀ ਤਿਆਰ ਹੈ, ਪਰ ਉਹ ਤਾਂ ਕਾਨੂੰਨ ਰੱਦ ਕਰਵਾਉਣ ਦੀ ਜ਼ਿੱਦ ਉੱਤੇ ਅੜੇ ਹਨ।

## ਸਾਬਕਾ ਸਰਕਾਰੀ ਅਫਸਰਾਂ ਉਤੇ ਕੇਂਦਰ ਸਰਕਾਰ ਨੇ ਸ਼ਿਕੰਜਾ ਕੱਸਿਆ

ਨਵੀਂ ਦਿੱਲੀ, 3 ਜੂਨ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਜਾਂਚ ਜਾਂ ਸੁਰੱਖਿਆ ਨਾਲ ਜੁੜੀ ਕਿਸੇ ਸੰਸਥਾ ਦੇ ਸਾਬਕਾ ਸਰਕਾਰੀ ਅਧਿਕਾਰੀ ਸਮਰੱਥ ਅਥਾਰਟੀ ਤੋਂ ਮਨਜ਼ੂਰੀ ਲਏ ਬਗੈਰ ਸਿੱਧੇ ਤੌਰ ਉੱਤੇ ਕੋਈ ਸਮੱਗਰੀ ਨਹੀਂ ਛਪਵਾ ਸਕਣਗੇ। ਪਰਸੋਨਲ ਅਤੇ ਸਿਖਲਾਈ ਵਿਭਾਗ ਨੇ ਜਿਹੜੇ ਵਿਭਾਗਾਂ ਨੂੰ ਇਸ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਉਨ੍ਹਾਂ ਵਿੱਚ ਰਾਅ, ਆਈ ਬੀ, ਡੀ ਆਰ ਆਈ, ਸੀ ਈ ਆਈ ਬੀ, ਈ ਡੀ, ਐਨ ਸੀ ਬੀ, ਏ ਆਰ ਸੀ, ਸਪੈਸ਼ਲ ਫਰੰਟੀਅਰ ਫੋਰਸ, ਬੀ ਐਸ ਐਫ, ਸੀ ਆਰ ਪੀ ਐਫ, ਆਈ ਟੀ ਬੀ ਪੀ, ਸੀ ਆਈ ਐਸ ਐਫ, ਐਨ ਐਸ ਜੀ, ਅਸਾਮ ਰਾਈਫਲਜ਼, ਐਸਐਸਬੀ, ਇਨਕਮ ਟੈਕਸ ਦੇ ਡੀ ਜੀ, ਐਨ ਟੀ ਆਰ ਓ, ਐਫ ਆਈ ਯੂ, ਐਸ ਪੀ ਜੀ, ਡੀ ਆਰ ਡੀ ਓ, ਸਰਹੱਦ ਸੜਕ ਵਿਕਾਸ ਸੰਸਥਾ, ਐਨ ਐਸ ਸੀ, ਸੀ ਬੀ ਆਈ, ਐਨ ਆਈ ਏ ਅਤੇ ਨੈਟਗ੍ਰਿਡ ਸ਼ਾਮਲ ਹਨ। ਇਹ ਸਾਰੀਆਂ ਕੇਂਦਰੀ ਸੁਰੱਖਿਆ ਜਾਂ ਜਾਂਚ ਏਜੰਸੀਆਂ ਹਨ।

ਕੇਂਦਰੀ ਸਿਵਲ ਸੇਵਾਵਾਂ (ਪੈਨਸ਼ਨ) ਸੋਧ ਨਿਯਮ 2020 ਦਾ ਹਿੱਸਾ ਬਣੇ ਨਵੇਂ ਨਿਯਮਾਂ ਦੀ ਉਲੰਘਣਾ ਕਰਨ ਉੱਤੇ ਸਾਬਕਾ ਅਧਿਕਾਰੀਆਂ ਦੀ ਪੈਨਸ਼ਨ ਰੋਕ ਲਈ ਜਾਵੇਗੀ। ਇਨ੍ਹਾਂ ਸੰਸਥਾਵਾਂ ਦੇ ਵਿੱਚ ਕੰਮ ਕਰ ਚੁੱਕੇ ਸਰਕਾਰੀ ਅਧਿਕਾਰੀ ਇਸ ਸਮੱਗਰੀ ਵਿੱਚ ਆਪਣੇ ਕਾਰਜਕਾਲ ਵੇਲੇਹਾਸਲ ਕੀਤੀ ਜਾਣਕਾਰੀ ਜਾਂ ਮੁਹਾਰਤ, ਕਿਸੇ ਤਰ੍ਹਾਂ ਦਾ ਹਵਾਲਾ ਜਾਂ ਆਪਣੇ ਅਹੁਦੇ ਜਾਂ ਕਿਸੇ ਵਿਅਕਤੀ ਬਾਰੇ ਜਾਣਕਾਰੀ ਨਹੀਂ ਦੇ ਸਕਦੇ।

# ਗੈਸ ਸਿੰਲਡਰ ਫਟਣ ਨਾਲ ਦੋ ਮੰਜ਼ਿਲਾ ਮਕਾਨ ਢਹਿ ਕੇ ਅੱਠ ਮੌਤਾਂ



ਗੋਂਡਾ, 3 ਜੂਨ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਵਜੀਰਗੰਜ ਖੇਤਰ ਦੇ ਟਿਕਰੀ ਪਿੰਡ ਪੰਚਾਇਤ ਦੇ ਠਠੇਰ ਪੁਰਵਾ ਵਾਸੀ ਨੂਰੂਲ ਹਸਨ ਦੇ ਮਕਾਨ ਵਿੱਚ ਕੱਲ੍ਹ ਦੇਰ ਰਾਤ ਰਸੋਈ ਗੈਸ ਸਿੰਲਡਰ ਫਟਣ ਨਾਲ ਦੋ ਮੰਜ਼ਿਲਾ ਮਕਾਨ ਢਹਿ ਗਿਆ। ਇਸ ਹਾਦਸੇ ਵਿੱਚ ਮਲਬੇ ਵਿੱਚ ਦੱਬ ਕੇ ਅੱਠ ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਹੋਰ ਲੋਕ ਜ਼ਖ਼ਮੀ ਹੋ ਗਏ।



ਦੇਵੀਪਾਟਨ ਖੇਤਰ ਦੇ ਆਈ ਜੀ ਰਾਕੇਸ਼ ਸਿੰਘ ਨੇ ਮੌਕੇ ਉੱਤੇ ਪੁੱਜ ਕੇ ਜਾਇਜ਼ਾ ਲਿਆ ਤੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਮਸ਼ੀਨਾਂ ਰਾਹੀਂ ਮਲਬਾ ਹਟਾਉਣ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ। ਧਮਾਕੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਫਾਰੈਂਸਿਕ ਟੀਮ ਨੂੰ ਲਾਇਆ ਗਿਆ ਹੈ।ਦੱਸਿਆ ਜਾਂਦਾ ਹੈ ਕਿ ਨੂਰੂਲ ਹਸਨ ਮਨਿਹਾਰ ਦਾ ਕੰਮ ਕਰਦਾ ਸੀ, ਜਿਸ ਨਾਲ ਉਸ ਦੇ ਮਕਾਨ ਵਿੱਚ ਬਾਰੂਦ ਆਦਿ ਇਕੱਠਾ ਹੋਣ ਦੀ ਵੀ ਸੰਭਾਵਨਾ ਹੈ। ਪਿੰਡ ਤੋਂ ਥੋੜੀ ਦੂਰੀ ਉੱਤੇ ਮਕਾਨ ਬਣਾ ਕੇ ਰਹਿ ਗ੍ਰਹਿ ਸਵਾਮੀ ਦੇ ਭਰਾ ਨਿਯਾਜ ਅਹਿਮਦ ਨੇ ਕਿਹਾ ਕਿ ਕੱਲ੍ਹ ਸ਼ਾਮ ਨੂੰ ਉਥੇ ਬਾਟੀ-ਚੋਖਾ ਦਾ ਸਮਾਗਮ ਕੀਤਾ ਗਿਆ ਸੀ, ਜਿਸ ਵਿੱਚ ਪਰਵਾਰ ਦੇ ਸਾਰੇ ਲੋਕ ਇਕੱਠੇ ਸਨ। ਉਨ੍ਹਾਂ ਕਿਹਾ ਕਿ ਖਾਣਾ ਖਾਣ ਤੋਂ ਬਾਅਦ ਕਾੜ੍ਹਾ ਬਣਾਉਣ ਲਈ ਘਰ ਵਿੱਚ ਗੈਸ ਚਲਾਈ। ਇਸ ਤੋਂ ਬਾਅਦ ਅਚਾਨਕ ਤੇਜ਼ ਆਵਾਜ਼ ਨਾਲ ਧਮਾਕਾ ਹੋ ਗਿਆ।

# ਜੂਹੀ ਚਾਵਲਾ ਦੀ 5ਜੀ ਦੇ ਖਿਲਾਫ ਅਰਜ਼ੀ ਨੁਕਸਦਾਰ ਨਿਕਲੀ



ਨਵੀਂ ਦਿੱਲੀ, 3 ਜੂਨ (ਪੋਸਟ ਬਿਊਰੋ)- ਉਘੀ ਅਦਾਕਾਰਾ ਅਤੇ ਵਾਤਾਵਰਨ ਪ੍ਰੇਮੀ ਜੂਹੀ ਚਾਵਲਾ ਵੱਲੋਂ ਭਾਰਤ ਵਿੱਚ 5ਜੀ ਵਾਇਰਲੈਂਸ ਨੈਟਵਰਕ ਦੇ ਖਿਲਾਫ ਦਾਖਲ ਕੀਤੀ ਪਟੀਸ਼ਨ ਨੂੰ ਦਿੱਲੀ ਹਾਈ ਕੋਰਟ ਨੇ ਖਾਮੀਆਂ ਵਾਲੀ ਕਰਾਰ ਦਿੱਤਾ ਅਤੇ ਕਿਹਾ ਕਿ ਇਹ ਮੀਡੀਆ ਵਿੱਚ ਪ੍ਰਚਾਰ ਹਾਸਲ ਕਰਨ ਲਈ ਦਾਖਲ ਕੀਤੀ ਗਈ ਹੈ।

ਹਾਈ ਕੋਰਟ ਨੇ ਸਰਕਾਰ ਕੋਲ ਇਤਰਾਜ਼ ਪ੍ਰਗਟਾਉਣ ਦੀ ਥਾਂ ਸਿੱਧੇ ਅਰਜ਼ੀ ਦੇਣ ਕਰਨ ਉੱਤੇ ਵੀ ਸਵਾਲ ਉਠਾਏ ਹਨ। ਜਸਟਿਸ ਜੇ ਆਰ ਮਿੱਢਾ ਨੇ ਕਿਹਾ ਕਿ ਅਰਜ਼ੀਕਾਰਾਂ ਜੂਹੀ ਚਾਵਲਾ ਅਤੇ ਹੋਰਾਂ ਨੂੰ ਇਸ ਕੇਸ ਵਿੱਚ ਪਹਿਲਾਂ ਸਰਕਾਰ ਕੋਲ ਪਹੁੰਚ ਕਰਨੀ ਚਾਹੀਦੀ ਹੈ ਅਤੇ ਜੇ ਸਰਕਾਰ ਉਨ੍ਹਾਂ ਦੀ ਗੱਲ ਨਾ ਸੁਣੇ ਤਾਂ ਅਦਾਲਤ ਦਾ ਰੁਖ਼ ਕਰਨ। ਵੱਖ-ਵੱਖ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਅਦਾਲਤ ਨੇ ਅਰਜ਼ੀ ਵਿੱਚ 33 ਧਿਰਾਂ ਨੂੰ ਜੋੜਨ ਉੱਤੇ ਕਿਹਾ ਕਿ ਕਾਨੂੰਨ ਤਹਿਤ ਇਸ ਦੀ ਮਨਜ਼ੂਰੀ ਨਹੀਂ ਹੈ। ਜੱਜ ਨੇ ਕਿਹਾ ਕਿ ਇਹ ਧਿਰਾਂ ਦੱਸਣ ਕਿ ਉਹ ਕਿਸ ਲਈ ਇਸ ਕੇਸ ਵਿੱਚ ਦਾਖਲ ਹੋਈਆਂ ਹਨ। ਹਰੇਕ ਧਿਰ ਨੂੰ ਕੇਸ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਅਰਜ਼ੀਕਾਰਾਂ ਦੇ ਕੇਸ ਨੂੰ ਲੈ ਕੇ ਜਾਣਕਾਰੀ ਉੱਤੇ ਵੀ ਸਵਾਲ ਉਠਾਏ। ਜੱਜ ਨੇ ਕਿਹਾ: 'ਮੈਂ ਅਜਿਹੀ ਪਟੀਸ਼ਨ ਨਹੀਂ ਦੇਖੀ, ਜਿੱਥੇ ਕੋਈ ਆਖੇ ਕਿ ਉਹ ਕੁਝ ਨਹੀਂ ਜਾਣਦਾ, ਪਰ ਕਿਰਪਾ ਕਰ ਕੇ ਜਾਂਚ ਕਰਾਈ ਜਾਵੇ।' ਉਨ੍ਹਾਂ ਝੂਠੇ ਦਾਅਵੇ ਪੇਸ਼ ਕਰਨ ਉੱਤੇ ਅਰਜ਼ੀਕਾਰਾਂ ਨੂੰ ਸਜ਼ਾ ਦੇਣ ਦੀ ਚਿਤਾਵਨੀ ਵੀ ਦਿੱਤੀ। ਅਰਜ਼ੀ ਵਿੱਚ ਦਾਅਵਾ ਕੀਤਾ ਗਿਆ ਸੀ ਕਿ 5ਜੀ ਵਾਇਰਲੈਸ ਤਕਨਾਲੋਜੀ ਨਾਲ ਮਨੁੱਖਾਂ ਤੇ ਜੀਵ-ਜੰਤੂਆਂ ਉੱਤੇ ਮਾੜੇ ਪ੍ਰਭਾਵ ਪੈਣਗੇ। ਇਹ ਪਟੀਸ਼ਨ ਜੂਹੀ ਚਾਵਲਾ, ਵੀਰੇਸ਼ ਮਲਿਕ ਤੇ ਟੀਨਾ ਵਚਾਨੀ ਨੇ ਦਾਖਲ ਕੀਤੀ ਸੀ, ਜਿਸ ਵਿੱਚ ਕਿਹਾ ਕਿ ਇਨਸਾਨਾਂ ਦੇ ਨਾਲ ਪਸ਼ੂ ਪੰਛੀਆਂ ਅਤੇ ਪੌਦਿਆਂ ਉੱਤੇ 5ਜੀ ਕਿਰਨਾਂ ਦਾ ਵਧੇਰੇ ਅਸਰ ਪਵੇਗਾ। ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਅਤੇ ਵਕੀਲ ਅਮਿਤ ਮਹਾਜਨ ਨੇ ਕਿਹਾ ਕਿ 5ਜੀ ਨੀਤੀ ਜਨਤਕ ਸ਼੍ਰੇਣੀ ਵਿੱਚ ਨਹੀਂ ਆਉਂਦੀ ਹੈ। ਮਹਿਤਾ ਨੇ ਕਿਹਾ ਕਿ ਅਰਜ਼ੀਕਾਰ ਇਹ ਦੱਸਣ ਕਿ ਟੈਕਨੀਕ ਗਲਤ ਕਿਵੇਂ ਹੈ। ਪ੍ਰਾਈਵੇਟ ਟੈਲੀਕਾਮ ਕੰਪਨੀਆਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ 5ਜੀ ਤਕਨਾਲੋਜੀ ਸਰਕਾਰ ਦੀ ਨੀਤੀ ਹੈ ਅਤੇ ਇਹ ਗਲਤ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਪਹਿਲਾਂ ਅਰਜ਼ੀਕਾਰਾਂ ਨੂੰ ਸਾਬਤ ਕਰਨਾ ਪਵੇਗਾ ਕਿ ਇਹ ਨੀਤੀ ਆਮ ਲੋਕਾਂ ਲਈ ਮਾੜੀ ਹੈ।

## ਭਾਰਤ ਦੀ ਵੈਸ਼ਾਲੀ ਨੇ ਦੂਸਰਾ ਫੀਡੇ ਸਪੀਡ ਚੈਸ ਕੁਆਲੀਫਾਇਰ ਜਿੱਤ ਲਿਆ

ਚੇਨਈ, 3 ਜੂਨ (ਪੋਸਟ ਬਿਊਰੋ)- ਭਾਰਤ ਦੀ ਨੰਬਰ ਤਿੰਨ ਸ਼ਤਰੰਜ ਖਿਡਾਰਨ ਮਹਿਲਾ ਗ੍ਰੈਂਡ ਮਾਸਟਰ ਆਰ ਵੈਸ਼ਾਲੀ ਨੇ ਫੀਡੇ ਮਹਿਲਾ ਸਪੀਡ ਚੈੱਸ ਦਾ ਦੂਸਰਾ ਕੁਆਲੀਫਾਇਰ ਜਿੱਤ ਕੇ ਸਪੀਡ ਚੈੱਸ ਦੇ ਮੁੱਖ ਪੜਾਅ ਵਿੱਚ ਥਾਂ ਬਣਾ ਲਈ ਹੈ। ਹਾਰਿਕਾ ਤੋਂ ਪਿੱਛੋਂ ਵੈਸ਼ਾਲੀ ਦੀ ਜਿੱਤ ਨੇ ਕੁਆਲੀਫਾਇਰ ਦੇ ਦੂਜੇ ਦਿਨ ਭਾਰਤ ਦਾ ਜਲਵਾ ਕਾਇਮ ਰੱਖਿਆ। ਵਰਨਣ ਯੋਗ ਹੈ ਕਿ ਪਹਿਲਾ ਕੁਆਲੀਫਾਇਰ ਜਿੱਥੇ 5+1 ਮਿੰਟ ਦੇ ਮੈਚ ਦੇ ਆਧਾਰਤ ਸੀ, ਓਥੇ ਇਸ ਵਾਰ ਇਹ 3-1 ਮਿੰਟ ਦੇ ਆਧਾਰ ਉੱਤੇ ਖੇਡਿਆ ਗਿਆ। ਦੁਨੀਆ ਭਰ ਦੀਆਂ 110 ਮਹਿਲਾ ਟਾਈਟਲ ਪ੍ਰਾਪਤ ਖ਼ਿਡਾਰਨਾਂ ਵਿਚਾਲੇ ਹੋਏ 17 ਸਵਿਸ ਰਾਊਂਡ ਤੋਂ ਪਿੱਛੋਂ ਵੈਸ਼ਾਲੀ ਤੀਜੇ ਸਥਾਨ ਉੱਤੇ ਰਹਿ ਕੇ ਪਲੇਅ ਆਫ ਵਿੱਚ ਜਗ੍ਹਾ ਬਣਾਉਣ ਵਿੱਚਸਫਲ ਰਹੀ।ਕੁਆਰਟਰ ਫਾਈਨਲ ਵਿੱਚ ਵੈਸ਼ਾਲੀ ਨੇ ਸਭ ਤੋਂ ਪਹਿਲਾਂ ਰੂਸ ਦੀ ਅਨਾਸਤਾਸੀਆ ਬੋਦਨਰੂਕ ਨੂੰ ਆਸਾਨੀ ਨਾਲ 2-0 ਨਾਲ ਹਰਾਇਆ ਤਾਂ ਸੈਮੀਫਾਈਨਲ ਵਿੱਚਕਜ਼ਾਕੀਸਤਾਨ ਦੀ ਬਿਬਿਸਾਰਾ ਅਸਸੌਬਾਏਵਾ ਨੂੰ 2-0 ਨਾਲ ਹਰਾਉਂਦੇ ਹੋਏ ਸ਼ਾਨਦਾਰ ਅੰਦਾਜ਼ ਵਿੱਚ ਫਾਈਨਲ ਵਿੱਚ ਗਈ। ਸਾਬਕਾ ਵਿਸ਼ਵ ਜੂਨੀਅਰ ਚੈਂਪੀਅਨ ਰੂਸ ਦੀ ਪੋਲਿਨਾ ਸ਼ੁਵਲੋਵਾ ਵੀ ਫਾਈਨਲ ਵਿੱਚ ਪਹੁੰਚ ਗਈ। ਫਾਈਨਲ ਮੁਕਾਬਲਾ ਕਾਫ਼ੀ ਦਿਲਚਸਪਸੀ ਰਿਹਾ।

# ਕੋਰੋਨਾ ਵਾਇਰਸ ਦੀ ਮਾਰ ਦੌਰਾਨ ਕਰੋੜਪਤੀ ਲੋਕ ਭਾਰਤ ਛੱਡਣ ਲੱਗੇ



ਨਵੀਂ ਦਿੱਲੀ, 3 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਦੇ ਸਮੇਂ ਦੌਰਾਨ ਭਾਰਤ ਵਿੱਚੋਂ ਵੱਡੀ ਗਿਣਤੀ ਵਿੱਚ ਅਮੀਰ ਨਾਗਰਿਕ ਦੇਸ਼ ਛੱਡ ਕੇ ਜਾ ਰਹੇ ਹਨ। ਗਲੋਬਲ ਵੈਲਥ ਮਾਇਗ੍ਰੇਸ਼ਨ ਰਿਵਿਊ ਰਿਪੋਰਟ ਮੁਤਾ-ਬਕ ਭਾਰਤ ਦੇ ਕੁਲ ਕਰੋੜਪਤੀਆਂ ਵਿੱਚੋਂ ਦੋ ਫੀਸਦੀ 2020 ਵਿੱਚ ਦੇਸ਼ ਛੱਡ ਗਏ ਹਨ।

ਹੇਨਲੀ ਐਂਡ ਪਾਰਟਨਰਜ਼ ਦੀ ਰਿਪੋਰਟ ਮੁਤਾਬਕ 2020 ਵਿੱਚ 2019 ਦੇ ਮੁਕਾਬਲੇ 63 ਫੀਸਦੀ ਤੋਂ ਜ਼ਿਆਦਾ ਭਾਰਤੀ ਲੋਕਾਂ ਨੇ ਦੇਸ਼ ਛੱਡਣ ਲਈ ਪੁੱਛਗਿੱਛ ਕੀਤੀ ਸੀ। ਉਡਾਣਾਂ ਬੰਦ ਹੋਣ ਤੇ ਲਾਕਡਾਊਨ ਦੇ ਕਾਰਨ ਦਸਤਾਵੇਜ਼ੀ ਕੰਮਾਂ ਵਿੱਚ ਢਿੱਲ ਦੇ ਦੌਰਾਨ 2020 ਵਿੱਚ ਪੰਜ ਤੋਂ ਛੇ ਹਜ਼ਾਰ ਅਮੀਰਾਂ ਨੇ ਦੇਸ਼ ਛੱਡਿਆ ਸੀ, ਪਰ ਸਾਲ 2021 ਵਿੱਚ ਇਹ ਗਿਣਤੀ ਤੇਜ਼ੀ ਨਾਲ ਵਧ ਸਕਦੀ ਹੈ। ਮਿਲੀ ਜਾਣਕਾਰੀ ਮੁਤਾਬਕ ਕੋਰੋਨਾ ਦੀ ਦੂਜੀ ਲਹਿਰ ਪਿੱਛੋਂ ਇਸ ਬਾਰੇ ਪੁੱਛਗਿੱਛ ਤੇਜ਼ ਹੋ ਗਈ ਹੈ। ਸਾਲ 2021 ਵਿੱਚ ਪਿਛਲੇ ਸਾਲ ਤੋਂ ਜ਼ਿਆਦਾ ਅਮੀਰ ਲੋਕ ਦੇਸ਼ ਛੱਡ ਸਕਦੇ ਹਨ। ਇਸ ਤੋਂ ਪਹਿਲਾਂ 2015 ਤੋਂ 2019 ਦੌਰਾਨ 29 ਹਜ਼ਾਰ ਤੋਂ ਵੱਧ ਕਰੋੜਪਤੀ ਭਾਰਤ ਛੱਡ ਗਏ ਸਨ।ਹੇਨਲੀ ਐਂਡ ਪਾਰਟਨਰਜ਼ ਦੀ ਇਸ ਰਿਪੋਰਟ ਦੇ ਮੁਤਾਬਕ ਭਾਰਤੀ ਅਮੀਰਾਂ ਨੇ ਕੈਨੇਡਾ, ਪੁਰਤਗਾਲ, ਆਸਟ੍ਰੇਲੀਆ, ਮਾਲਟਾ, ਤੁਰਕੀ, ਅਮਰੀਕਾ ਅਤੇ ਯੂ ਕੇ ਵਿੱਚ ਵੱਸਣ ਲਈ ਸਭ ਤੋਂ ਵੱਧ ਜਾਣਕਾਰੀ ਮੰਗੀ ਹੈ। ਵਿਦੇਸ਼ ਵਿੱਚ ਰਹਿਣ ਲਈ ਸਭ ਤੋਂ ਖ਼ਾਸ ਦੋ ਤਰੀਕੇ ਹਨ। ਪਹਿਲਾ ਇਹ ਕਿ ਉਸ ਦੇਸ਼ ਵਿੱਚ ਵੱਡਾ ਨਿਵੇਸ਼ ਕੀਤਾ ਜਾ ਸਕਦਾ ਹੈ ਜਾਂ ਕੁਝ ਦੇਸ਼ਾਂ ਵਿੱਚ ਭਾਰੀ ਫੀਸ ਭਰ ਕੇ ਨਾਗਰਿਕਤਾ ਲਈ ਜਾ ਸਕਦੀ ਹੈ। ਅਮਰੀਕਾ ਵਿੱਚ ਵਸੇਬੇ ਲਈ ਭਾਰਤੀਆਂ ਨੂੰ ਗਰੀਨ ਵੀਜ਼ਾ ਲੈਣਾ ਪੈਂਦਾ ਹੈ, ਜਿਸ ਲਈ 6.5 ਕਰੋੜ ਰੁਪਏ ਦਾ ਨਿਵੇਸ਼ ਕਰਨਾ ਪੈਂਦਾ ਹੈ। ਬ੍ਰਿਟੇਨ ਵਿੱਚ 18 ਕਰੋੜ ਰੁਪਏ ਤੇ ਨਿਊਜ਼ੀਲੈਂਡ ਵਿੱਚ 10,9 ਕਰੋੜ ਰੁਪਏ ਨਿਵੇਸ਼ ਕਰਨੇ ਪੈਂਦੇ ਹਨ। ਵਿਦੇਸ਼ਾਂ ਵਿੱਚ ਵੱਸਣ ਵਾਲੇ ਅਮੀਰਾਂ ਮੁਤਾਬਕ ਭਾਰਤ ਵਿੱਚ ਮੌਕਿਆਂ ਦੀ ਕਮੀ, ਭ੍ਰਿਸ਼ਟਾਚਾਰ, ਪ੍ਰਦੂਸ਼ਣ ਆਦਿ ਕਈ ਸਮੱਸਿਆਵਾਂ ਲੋਕਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕਰਦੀਆਂ ਹਨ। ਅਮੀਰਾਂ ਦੇ ਦੇਸ਼ ਛੱਡਣ ਨਾਲ ਭਾਰਤ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਦੇਸ਼ ਵਿੱਚ ਰੁਜ਼ਗਾਰ ਦਰ ਪਹਿਲਾਂ ਹੀ ਖ਼ਰਾਬ ਹੈ। ਇਸ ਮੌਕੇ ਅਮੀਰ ਵਰਗਾ ਦਾ ਦੇਸ਼ ਛੱਡ ਜਾਣਾ ਬੇਰੁਜ਼ਗਾਰੀ ਦਰ ਹੋਰ ਵਧਾਏਗਾ ਅਤੇ ਇਸ ਨਾਲ ਹੀ ਟੈਕਸ ਕੁਲੈਕਸ਼ਨ ਵਿੱਚ ਵੀ ਕਮੀ ਆਏਗੀ।



# ਈਰਾਨ ਦਾ ਸਭ ਤੋਂ ਵੱਡਾ ਜੰਗੀ ਬੇੜਾ ਅੱਗ ਲੱਗਣ ਕਾਰਨ ਡੁੱਬਿਆ



ਦੁਬਈ, 3 ਜੂਨ (ਪੋਸਟ ਬਿਊਰੋ)- ਇਜ਼ਰਾਈਲ ਨਾਲ ਤਣਾਅਪੂਰਨ ਸਬੰਧਾਂ ਦੌਰਾਨ ਈਰਾਨੀ ਸਮੁੰਦਰੀ ਫੌਜ ਦਾ ਸਭ ਤੋਂ ਵੱਡਾ ਜੰਗੀ ਬੇੜਾ ਖਰਗ ਜ਼ਬਰਦਸਤ ਅੱਗ ਲੱਗਣ ਕਾਰਨ ਓਮਾਨ ਦੀ ਖਾੜੀ ਵਿੱਚ ਡੁੱਬ ਗਿਆ।

ਪਤਾ ਲੱਗਾ ਹੈ ਕਿ ਲਗਾਤਾਰ 20 ਘੰਟਿਆਂ ਤੱਕ ਅੱਗ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾਣ ਦੌਰਾਨ ਚਾਲਕ ਦਲ ਦੇ ਸਾਰੇ ਮੈਂਬਰਾਂ ਨੂੰ ਸੁਰੱਖਿਅਤ ਕੱਢ ਲਿਆ ਗਿਆ ਹੈ। ਇਹ ਘਟਨਾ ਈਰਾਨੀ ਬੰਦਰਗਾਹ ਜਾਸਕ ਦੇ ਨਜ਼ਦੀਕ ਹੋਈ ਹੈ। ਅੱਗ ਲੱਗਣ ਦਾ ਕਾਰਨ ਹਾਲੇ ਭੇਦ ਬਣਿਆ ਹੋਇਆ ਹੈ।ਈਰਾਨ ਦੇ ਸਰਕਾਰੀ ਟੀ ਵੀ ਮੁਤਾਬਕ ਖਰਗ ਜੰਗੀ ਬੇੜੇ ਵਿੱਚ ਅੱਗ ਸਥਾਨਕ ਸਮੇਂ ਅਨੁਸਾਰ ਮੰਗਲਵਾਰ ਦੇਰ ਰਾਤ 2.25 ਵਜੇ ਲੱਗੀ। ਇੱਥੇ ਜੰਗੀ ਬੇੜੇ ਉੱਤੇ ਅਭਿਆਸ ਚੱਲ ਰਿਹਾ ਸੀ। ਓਮਾਨ ਦੀ ਖਾੜੀ ਹੋਮਰੁਜ ਜਲਮਰੂਮੱਧ ਨਾਲ ਜੁੜੀ ਹੈ। ਇਹ ਥਾਂ ਤਹਿਰਾਨ ਤੋਂ ਲਗਭਗ 1270 ਕਿਲੋਮੀਟਰ ਦੂਰ ਹੈ। ਇਸ ਜੰਗੀ ਬੇੜੇ ਨੂੰ ਬਚਾਉਣ ਦੇ ਸਾਰੇ ਯਤਨ ਬੇਕਾਰ ਸਾਬਤ ਹੋਏ।

ਲਾਈਫ ਜੈਕਟ ਪਾਈ ਚਾਲਕ ਦਲ ਦੇ ਮੈਂਬਰਾਂ ਨੂੰ ਬਾਹਰ ਕੱਢਦਿਆਂ ਦੀ ਵੀਡੀਓ ਈਰਾਨ ਵਿੱਚ ਵਾਇਰਲ ਹੋ ਰਹੀ ਹੈ।ਚਾਲਕ ਦਲ ਮੈਂਬਰਾਂ ਪਿੱਛੇ ਜਹਾਜ਼ ਵਿੱਚ ਭਿਆਨਕ ਅੱਗ ਲੱਗੀ ਦਿਖਾਈ ਦੇ ਰਹੀ ਹੈ। ਈਰਾਨ ਦਾ ਇਹ ਵੱਡਾ ਜੰਗੀ ਬੇੜਾ ਬ੍ਰਿਟੇਨ ਵਿੱਚ ਬਣਿਆ ਹੋਇਆ ਸੀ ਅਤੇ ਉਸ ਨੂੰ 1977 ਵਿੱਚ ਸਮੁੰਦਰ ਵਿੱਚ ਲਾਹਿਆ ਗਿਆ ਸੀ। ਬਾਅਦ ਵਿੱਚ 1979 ਦੀ ਇਸਲਾਮਕ ਕ੍ਰਾਂਤੀ ਤੋਂ ਬਾਅਦ ਦੁਬਾਰਾ ਉਸ ਨੂੰ 1984 ਵਿੱਚ ਈਰਾਨੀ ਸਮੁੰਦਰੀ ਫੌਜ ਨੂੰ ਸੌਂਪਿਆ ਗਿਆ। ਇਹ ਜੰਗੀ ਬੇੜਾ ਭਾਰੀ ਮਾਲ ਵੀ ਉਠਾ ਸਕਦਾ ਸੀ।

# ਦੁਨੀਆ ਨੂੰ ਕੋਰੋਨਾ ਦੇ ਬੀ.1.617 ਸਟ੍ਰੇਨ ਦੇ ਸਿਰਫ ਡੈਲਟਾ ਵੈਰੀਐਂਟ ਤੋਂ ਖਤਰਾ



ਸੰਯੁਕਤ ਰਾਸ਼ਟਰ, 3 ਜੂਨ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਨੇ ਕਿਹਾ ਹੈ ਕਿ ਕੋਰੋਨਾ ਨੇ ਬੀ.1.617 ਸਟਰੇਨ ਦਾ ਬੀ.1.617.2 ਵੈਰੀਐਂਟ ਹੀ ਚਿੰਤਾ ਦਾ ਵਿਸ਼ਾ (ਵੈਰੀਐਂਟ ਆਫ ਕਨਸਰਨ-ਵੀ ਓ ਆਈ) ਹੈ। ਇਸ ਨੂੰ ਡੈਲਟਾ ਵੈਰੀਐਂਟ ਨਾਂਅ ਦਿੱਤਾ ਗਿਆ ਹੈ। ਡੈਲਟਾ ਵੈਰੀਐਂਟ ਦੇ ਦੁਨੀਆ ਵਿੱਚ ਲਗਾਤਾਰ ਤੇਜ਼ੀ ਨਾਲ ਫੈਲਣ ਦੇ ਮਾਮਲੇ ਸਾਹਮਣੇ ਆ ਰਹੇ ਹਨ, ਜਿਸ ਕਾਰਨ ਡਬਲਯੂ ਐਚ ਓ ਇਸ ਤੋਂ ਚਿੰਤਤ ਹੈ।

ਡਬਲਯੂ ਐਚ ਓ ਨੇ ਕਿਹਾ ਹੈ ਕਿ ਦੋ ਹੋਰ ਵੈਰੀਐਂਟਾਂ'ਤੇ ਇਸ ਸਬੰਧੀ ਲਗਾਤਾਰ ਅਧਿਐਨ ਕੀਤਾ ਜਾ ਰਿਹਾ ਹੈ। ਅਤੇ ਉਨ੍ਹਾਂ ਦੋ ਹੋਰ ਵੈਰੀਐਂਟ ਬੀ.1.617.1 ਅਤੇ ਬੀ 1.617.3 ਦੀ ਇਨਫੈਕਸ਼ਨ ਦਰ ਕਾਫੀ ਘਟ ਗਈ ਹੈ। ਵਰਨਣ ਯੋਗ ਹੈ ਕਿ ਬੀ.1.617 ਨੂੰ 11 ਮਈ ਨੂੰ ਸੰਸਾਰ ਚਿੰਤਾ ਦਾ ਵੈਰੀਐਂਟ ਐਲਾਨ ਦਿੱਤਾ ਗਿਆ ਸੀ। ਇਹ ਸਭ ਤੋਂ ਪਹਿਲਾਂ ਭਾਰਤ ਵਿੱਚ ਮਿਲਿਆ ਸੀ।ਡਬਲਯੂ ਐਚ ਓ ਮੁਤਾਬਕ ਪਹਿਲੀ ਜੂਨ ਤੱਕ ਕੋਰੋਨਾ ਦਾ ਡੈਲਟਾ ਵੈਰੀਐਂਟ ਦੁਨੀਆ ਦੇ 62 ਦੇਸ਼ਾਂ ਵਿੱਚ ਫੈਲ ਚੁੱਕਾ ਹੈ। ਇਸ ਤੋਂ ਇਲਾਵਾ ਬੀ.1.617.1 ਯਾਨੀ ਕਾਪਾ ਵੈਰੀਐਂਟ ਦੀ ਸੰਸਾਰ ਪੱਧਰਦੀ ਇਨਫੈਕਸ਼ਨ ਦਰ ਵਿੱਚ ਕਮੀ ਤੋਂ ਬਾਅਦ ਕੁਝ ਥਾਵਾਂ ਉੱਤੇ ਅੰਸ਼ਕ ਵਾਧਾ ਦਿਖਾਈ ਦਿੱਤਾ ਹੈ, ਜਿਸ ਕਾਰਨ ਇਸ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਇਸ ਨੂੰ ਵੈਰੀਐਂਟ ਆਫ ਇੰਟਰਸਟ ਵਜੋਂ ਕਲਾਸੀਫਾਈ ਕੀਤਾ ਗਿਆ ਹੈ। ਬੀ.1.617.3 ਨੂੰ ਨਾ ਅਜੇ ਵੀ ਓ ਆਈ ਮੰਨਿਆ ਗਿਆ ਹੈ ਅਤੇ ਨਾ ਵੀ ਓ ਸੀ, ਕਿਉਂਕਿ ਇਸ ਇਨਫੈਕਸ਼ਨ ਦੇ ਬੇਹੱਦ ਘੱਟ ਕੇਸ ਦੇਖੇ ਹਨ।

ਸੋਮਵਾਰ ਨੂੰ ਡਬਲਯੂ ਐਚ ਓ ਨੇ ਕੋਰੋਨਾ ਦੇ ਵੱਖ-ਵੱਖ ਰੂਪਾਂ ਨੂੰ ਗ੍ਰੀਕ ਗਿਣਤੀ ਦੇ ਆਧਾਰ ਉੱਤੇ ਅਲਫਾ, ਬੀਟਾ, ਗਾਮਾ ਆਦਿ ਨਾਂਅ ਦਿੱਤੇ ਗਏ ਹਨ ਤਾਂ ਜੋ ਉਨ੍ਹਾਂ ਨੂੰ ਯਾਦ ਰੱਖਣਾ ਤੇ ਬੋਲਣਾ ਸੌਖਾ ਹੋਵੇ। ਨਾਲ ਹੀ ਨਾਮਕਰਨ ਕਰਦੇ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਿਆ ਗਿਆ ਹੈ ਕਿ ਜਿੱਥੇ ਵੈਰੀਐਂਟ ਪਹਿਲੀ ਵਾਰ ਮਿਲੇ ਹਨ, ਉਨ੍ਹਾਂ ਥਾਵਾਂ ਨਾਲ ਇਨ੍ਹਾਂ ਦਾ ਨਾਂਅ ਨਾ ਜੋੜਿਆ ਜਾਵੇ। ਖਾਸ ਗੱਲ ਇਹ ਹੈ ਕਿ ਇਹ ਗ੍ਰੀਕ ਨਾਂਅ ਵੈਰੀਐਂਟ ਦੇ ਵਿਗਿਆਨੀ ਨਾਵਾਂ ਦੀ ਥਾਂ ਨਹੀਂ ਲੈਣਗੇ, ਕਿਉਂਕਿ ਵਿਗਿਆਨਕ ਨਜ਼ਰੀਏ ਤੋਂ ਪਹਿਲਾਂ ਤੈਅ ਕੀਤੇ ਗਏ ਕੋਡ ਨਾਂਅ ਬੇਹੱਦ ਅਹਿਮ ਹਨ।

# ਸ਼ਹੀਦੀ ਪੁਰਬ ਤੇ ਮਹਾਰਾਜਾ ਰਣਜੀਤ ਸਿੰਘ ਦੇ ਬਰਸੀ ਸਮਾਗਮ ਮੌਕੇ ਪਾਕਿਸਤਾਨ ਜਥਾ ਨਹੀਂ ਜਾਵੇਗਾ




ਲਾਹੌਰ, 3 ਜੂਨ (ਪੋਸਟ ਬਿਊਰੋ)- ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਾਗੂ ਕੀਤੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਲਾਹੌਰ ਵਿੱਚਸ੍ਰੀ ਗੁਰੂ ਅਰਜਨ ਦੇਵ ਜੀ ਦੇ 16 ਜੂਨ ਨੂੰ ਮਨਾਏ ਜਾ ਰਹੇ ਸ਼ਹੀਦੀ ਪੁਰਬ ਤੇ 29 ਜੂਨ ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਨੈਸ਼ਨਲ ਕਮਾਂਡ ਤੇ ਆਪ੍ਰੇਸ਼ਨ ਸੈਂਟਰ (ਐਨ ਸੀ ਓ ਸੀ) ਵੱਲੋਂ ਭਾਰਤੀ ਜਥੇ ਦੇ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ ਉੱਤੇ ਰੋਕ ਲਾ ਦਿੱਤੀ ਗਈ ਹੈ। ਇਹ ਫ਼ੈਸਲਾ ਕੱਲ੍ਹ ਸ਼ਾਮ ਇਸਲਾਮਾਬਾਦ ਵਿੱਚ ਹੋਈ ਐਨ ਸੀ ਓ ਸੀ ਦੀ ਬੈਠਕ ਵਿੱਚ ਲਿਆ ਗਿਆ।

ਇਸ ਬਾਰੇ ਪੀ ਐਸ ਜੀ ਪੀ ਸੀ ਦੇ ਜਨਰਲ ਸਕੱਤਰ ਅਮੀਰ ਸਿੰਘ ਨੇ ਦੱਸਿਆ ਕਿ ਪਾਕਿਸਤਾਨ ਵਿੱਚ ਕੋਵਿਡ ਦੀ ਤੀਸਰੀ ਲਹਿਰ ਦੇ ਖ਼ਤਰੇ ਕਾਰਨ ਸਭ ਧਰਮਾਂ ਦੇ ਲੋਕਾਂ ਦੇ ਇਕੱਠ ਕਰਨ ਉੱਤੇ ਸਖ਼ਤੀ ਨਾਲ ਰੋਕ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਈ ਟੀ ਪੀ ਬੀ ਵੱਲੋਂ ਐਨ ਸੀ ਓ ਸੀ ਕੋਲੋਂ ਇਨ੍ਹਾਂ ਸਮਾਗਮਾਂ ਮੌਕੇ ਭਾਰਤ ਤੋਂ ਜਥਾ ਮੰਗਵਾਉਣ ਤੇ ਗੁਰਦੁਆਰਾ ਡੇਰਾ ਸਾਹਿਬ ਵਿੱਚ ਇਕੱਠ ਕਰਨ ਲਈ ਪੱਤਰ ਲਿਖ ਕੇ ਮਨਜ਼ੂਰੀ ਮੰਗੀ ਗਈ ਸੀ, ਪਰ ਕੱਲ੍ਹ ਉਕਤ ਅਦਾਰੇ ਨੇ ਸਪੱਸ਼ਟ ਕਹਿ ਦਿੱਤਾ ਹੈ ਕਿ ਭਾਰਤ ਵਿੱਚ ਕੋਰੋਨਾ ਦੇ ਬਾਅਦ ਫੰਗਸ ਦੇ ਕੇਸ ਮਿਲਣ ਕਰਕੇ ਇਸ ਵਾਰ ਭਾਰਤੀ ਜਥੇ ਨੂੰ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਸੇ ਦੌਰਾਨ ਪਾਕਿਸਤਾਨੀ ਸਿੱਖ ਆਗੂ ਬਿਸ਼ਨ ਸਿੰਘ ਨੇ ਦੱਸਿਆ ਕਿ ਪੀ ਐਸ ਜੀ ਪੀ ਸੀ ਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਸਾਂਝੇ ਤੌਰ ਉੱਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਲਈ ਪਾਕਿਸਤਾਨ ਦੇ ਇੱਕ ਸਾਲ ਦੇ ਮਲਟੀਪਲ ਵੀਜ਼ੇ ਦੀ ਦਿੱਲੀ ਵਿਚਲੇ ਪਾਕਿਸਤਾਨੀ ਹਾਈ ਕਮਿਸ਼ਨ ਨੂੰ ਸਿਫ਼ਾਰਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੇ ਪਾਕਿਸਤਾਨੀ ਹਾਈ ਕਮਿਸ਼ਨ ਦੇ ਇਨ੍ਹੀਂ ਦਿਨੀਂ ਬੰਦ ਹੋਣ ਕਰਕੇ ਗਿਆਨੀ ਹਰਪ੍ਰੀਤ ਸਿੰਘ ਦਾ ਸ਼ਹੀਦੀ ਪੁਰਬ ਮੌਕੇ ਪਾਕਿ ਆਉਣਾ ਸੰਭਵ ਨਹੀਂ ਵਿਖਾਈ ਦੇ ਰਿਹਾ।

# ਅਮਰੀਕਾ ਦੇ ਅੱਠ ਰਾਜਾਂ ਦੇ ਕਈ ਸ਼ਹਿਰਾਂ ਵਿੱਚ ਰੈਂਕਿੰਗ ਪ੍ਰਣਾਲੀ ਨਾਲ ਚੋਣਾਂ




ਨਿਊ ਯਾਰਕ, 3 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਨਿਊ ਯਾਰਕ ਵਿੱਚ ਪਹਿਲੀ ਵਾਰ ਮੇਅਰ ਚੋਣਾਂ ਦੇ ਲਈ ਰੈਂਕਿੰਗ ਪ੍ਰਣਾਲੀ ਵਰਤੀ ਜਾਵੇਗੀ। ਇਸ ਵਿੱਚ ਵੋਟਰਾਂ ਨੂੰ ਕਿਸੇ ਇੱਕ ਉਮੀਦਵਾਰ ਨੂੰ ਚੁਣਨ ਦੀ ਪਾਬੰਦੀ ਨਹੀਂ ਹੋਵੇਗੀ। ਵੋਟਰ ਆਪਣੀ ਪਸੰਦ ਦੇ ਆਧਾਰ ਉੱਤੇ ਪੰਜ ਉਮੀਦਵਾਰਾਂ ਨੂੰ ਪਸੰਦ ਸੂਚੀ ਵਿੱਚ ਰੱਖ ਸਕਣਗੇ। ਇਹ ਰੈਂਕਿੰਗ ਪ੍ਰਣਾਲੀ ਅੰਤਿਮ ਉਮੀਦਵਾਰ ਦੀ ਚੋਣ ਵਿੱਚ ਫੈਸਲਾਕੁੰਨ ਸਾਬਤ ਹੋਵੇਗੀ। ਇਹ ਵੀ ਹੋ ਸਕਦਾ ਹੈ ਕਿ ਵੋਟਰ ਸਾਰੇ ਉਮੀਦਵਾਰਾਂ ਨੂੰ ਰੱਦ ਕਰ ਦੇਵੇ। ਮਾਹਰ ਇਸ ਪ੍ਰਣਾਲੀ ਨੂੰ ਬੋਝਲ ਦੱਸ ਰਹੇ ਹਨ। ਇਸ ਸਿਸਟਮ ਮੁਤਾਬਕ ਜੇ ਕਿਸੇ ਵੀ ਉਮੀਦਵਾਰ ਨੂੰ ਪਹਿਲੀ ਪਸੰਦ ਦੀਆਂ ਵੋਟਾਂ ਦਾ ਬਹੁਮਤ ਨਹੀਂ ਮਿਲਦਾ ਤਾਂ ਫੈਸਲਾ ਤੁਰੰਤ ਰਨ-ਆਫ ਤੋਂ ਹੋਵੇਗਾ। ਰਨ-ਆਫ ਦਾ ਮਤਲਬ ਹੈ ਕਿ ਸਭ ਤੋਂ ਘੱਟ ਪਹਿਲੀ ਰੈਂਕਿੰਗ ਵਾਲੇ ਉਮੀਦਵਾਰ ਨੂੰ ਹਟਾ ਦਿੱਤਾ ਜਾਏਗਾ। ਇਨ੍ਹਾਂ ਦੇ ਵੋਟ ਸਬੰਧਤ ਵੋਟਰਾਂ ਦੀ ਦੂਸਰੀ ਪਸੰਦ ਦੀ ਰੈਂਕਿੰਗ ਵਿੱਚ ਸ਼ਾਮਲ ਕੀਤੇ ਜਾਣਗੇ। ਇਹ ਪ੍ਰਕਿਰਿਆ ਤਦ ਤੱਕ ਜਾਰੀ ਰਹੇਗੀ, ਜਦ ਤਕ ਕਿ ਇੱਕ ਉਮੀਦਵਾਰ ਬਾਕੀ ਵੋਟਾਂ ਵੱਧ ਤੋਂ ਵੱਧ ਹਾਸਲ ਨਹੀਂ ਕਰ ਲੈਂਦਾ।ਮਾਹਰਾਂ ਦਾ ਕਹਿਣਾ ਹੈ ਕਿ ਇਹ ਵਿਵਸਥਾ ਔਖੀ ਹੈ ਅਤੇ ਵੋਟਰਾਂ ਨੂੰ ਵੱਧ ਫੈਸਲੇ ਲੈਣ ਲਈ ਮਜਬੂਰ ਕਰਦੀ ਹੈ। ਕਈ ਵੋਟਰ ਬਹੁਤੇ ਉਮੀਦਵਾਰਾਂ ਦੀ ਰੈਂਕਿੰਗ ਨਹੀਂ ਕਰਨਗੇ। ਇਸ ਤੋਂ ਸ਼ੱਕ ਰਹੇਗਾ ਕਿ ਜੇ ਵੋਟਰ ਨੇ ਪੰਜਾਂ ਉਮੀਦਵਾਰਾਂ ਦੀ ਰੈਂਕਿੰਗ ਕੀਤੀ ਤਾਂ ਨਤੀਜੇ ਵੱਖ ਹੋ ਸਕਦੇ ਸਨ। ਅਮਰੀਕਾ ਦੇ ਅੱਠ ਰਾਜਾਂ ਦੇ ਕਈ ਸ਼ਹਿਰਾਂ ਵਿੱਚ ਇਹ ਪ੍ਰਣਾਲੀ ਲਾਗੂ ਹੈ।

ਮਾਹਰਾਂ ਦਾ ਕਹਿਣਾ ਹੈ ਕਿ ਰੈਂਕਿੰਗ ਦੇ ਕਾਰਨ ਖਰਾਬ ਹੋਏ ਵੋਟਾਂ ਦਾ 1 ਫੀਸਦੀ ਵੀ ਫੈਸਲਾਕੁੰਨ ਹੋ ਸਕਦਾ ਹੈ। ਅਜਿਹਾ ਹੀ ਇੱਕ ਮਾਮਲਾ 2018 ਦੇ ਸੈਨ ਫਰਾਂਸਿਸਕੋ ਦੇ ਮੇਅਰ ਦੀ ਚੋਣ ਦਾ ਹੈ। ਇਸ ਵਿੱਚ ਉਮੀਦਵਾਰ ਲੰਡਨ ਬ੍ਰੀਡ 1 ਫੀਸਦੀ ਵੋਟ ਨਾਲ ਜਿੱਤ ਗਈ, ਜਦ ਕਿ ਨੌਂ ਫੀਸਦੀ ਵੋਟਰਾਂ ਨੇ ਬ੍ਰੀਡ ਜਾਂ ਦੂਸਰੇ ਸਥਾਨ ਉੱਤੇ ਰਹੇ ਉਮੀਦਵਾਰ ਮਾਰਕ ਲੇਨੋ ਦੀ ਰੈਂਕਿੰਗ ਨਹੀਂ ਕੀਤੀ ਸੀ।

# ਪਾਕਿਸਤਾਨ ਵਿੱਚ ਮੀਡੀਆ ਲਈ ਨਵੇਂ ਨਿਯਮਾਂ ਦਾ ਵਿਰੋਧੀ ਧਿਰਾਂ ਵੱਲੋਂ ਵਿਰੋਧ



ਪੇਸ਼ਾਵਰ, 3 ਜੂਨ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਮੀਡੀਆ ਲਈਨਿਯਮਾਂ ਦੀ ਤਜਵੀਜ਼ ਕਰਨ ਉੱਤੇ ਬਵਾਲ ਮਚ ਗਿਆ ਹੈ। ਵਿਰੋਧੀ ਪਾਰਟੀਆਂ ਪਾਕਿਸਤਾਨ ਪੀਪਲਸ ਪਾਰਟੀ ਅਤੇ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐਮ ਐੱਲ-ਐਨ) ਨੇ ਇਮਰਾਨ ਖ਼ਾਨ ਸਰਕਾਰ ਵੱਲੋਂ ਬਣਾਏ ਜਾ ਰਹੇ ਨਵੇਂ ਕਾਨੂੰਨ ਨੂੰ ਮੀਡੀਆ ਮਾਰਸ਼ਲ ਲਾਅ ਕਰਾਰ ਦੇ ਕੇ ਕਿਹਾ ਕਿ ਇਹ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਹਮਲਾ ਹੈ, ਇਮਰਾਨ ਸਰਕਾਰ ਪਾਕਿਸਤਾਨ ਮੀਡੀਆ ਡਿਵੈਲਪਮੈਂਟ ਅਥਾਰਿਟੀ ਆਰਡੀਨੈਂਸ 2021 ਲਿਆਉਣਾ ਚਾਹੁੰਦੀ ਹੈ, ਜਿਸ ਬਾਰੇ ਵਿਵਾਦ ਖੜ੍ਹਾ ਹੋ ਗਿਆ ਹੈ।

ਪੀ ਐਮ ਐਲ-ਐਨ ਦੀ ਬੁਲਾਰਾ ਮਰੀਅਮ ਔਰੰਗਜੇਬ ਨੇ ਕਿਹਾ ਕਿ ਇਹ ਮੀਡੀਆ ਉੱਤੇ ਕੰਟਰੋਲ ਦੀ ਕੋਸ਼ਿਸ਼ ਹੈ, ਜਿਸ ਦੇ ਰਾਹੀਂ ਸਰਕਾਰ ਮੀਡੀਆ ਸੰਸਥਾਵਾਂ ਨੂੰ ਆਪਣੇ ਮੁੱਖ ਪੱਤਰ ਬਣਾਉਣਾ ਚਾਹੁੰਦੀ ਹੈ ਜਾਂ ਉਨ੍ਹਾਂ ਨੂੰ ਬੰਦ ਹੋਣਾ ਪਵੇਗਾ। ਪਾਕਿਸਤਾਨ ਸਰਕਾਰ ਨੇ ਨਵੇਂ ਕਾਨੂੰਨ ਹੇਠ ਮੀਡੀਆ ਨਾਲ ਜੁੜੇ ਪਿਛਲੇ ਕਈ ਕਾਨੂੰਨਾਂ ਦੇ ਰਲੇਵੇਂ ਦਾ ਪ੍ਰਸਤਾਵ ਰੱਖਿਆ ਹੈ। ਇਸ ਨਵੇਂ ਕਾਨੂੰਨ ਹੇਠ ਪ੍ਰਿੰਟ ਮੀਡੀਆ, ਇਲੈਕਟ੍ਰਾਨਿਕ ਮੀਡੀਆ ਤੋਂ ਲੈ ਕੇ ਡਿਜੀਟਲ ਮੀਡੀਆ ਤੱਕ ਦੇ ਨਿਯਮ ਤੈਅ ਕੀਤੇ ਜਾਣਗੇ। ਪਾਕਿਸਤਾਨ ਸਰਕਾਰ ਦਾ ਕਹਿਣਾ ਹੈ ਕਿ ਨਵੇਂ ਕਾਨੂੰਨ ਹੇਠ ਇੱਕ ਅਥਾਰਿਟੀ ਦਾ ਗਠਨ ਕੀਤਾ ਜਾਵੇਗਾ ਜੋ ਦੇਸ਼ ਵਿੱਚ ਸਾਰੇ ਤਰ੍ਹਾਂ ਦੇ ਮੀਡੀਆ ਦੇ ਨਿਯਮ ਤੈਅ ਕਰੇਗੀ। ਇਸ ਅਥਾਰਿਟੀ ਵਿੱਚ ਕੁਲ 11 ਮੈਂਬਰ ਹੋਣਗੇ ਅਤੇ ਇੱਕ ਚੇਅਰਪਰਸਨ ਹੋਵੇਗਾ। ਇਨ੍ਹਾਂ ਦੀ ਨਿਯੁਕਤੀ ਕੇਂਦਰ ਸਰਕਾਰ ਦੀ ਸਲਾਹ ਉੱਤੇ ਰਾਸ਼ਟਰਪਤੀ ਵੱਲੋਂ ਕੀਤੀ ਜਾਏਗੀ। ਨਵੇਂ ਨਿਯਮਾਂ ਦੇ ਤਹਿਤ ਦੇਸ਼ ਵਿੱਚ ਅਖ਼ਬਾਰ ਅਤੇ ਡਿਜੀਟਲ ਮੀਡੀਆ ਦੇ ਸੰਚਾਲਨ ਲਈ ਟੀ ਵੀ ਚੈਨਲਾਂ ਵਾਂਗ ਹੀ ਲਾਇਸੰਸ ਦੀ ਲੋੜ ਹੋਵੇਗੀ। ਇਸ ਡ੍ਰਾਫਟ ਵਿੱਚ ਨੈਟਫਲਿਕਸ, ਅਮੇਜਨ ਪ੍ਰਾਈਮ, ਯੂ-ਟਿਊਬ ਚੈਨਲਾਂ, ਵੀਡੀਓ ਲਾਗਸ ਆਦਿ ਨੂੰ ਲੈ ਕੇ ਵੀ ਨਿਯਮ ਤੈਅ ਕਰਨ ਦੀ ਗੱਲ ਕਹੀ ਗਈ ਹੈ।

# ਜਹਾਜ਼ ਬਣੇ ਮੈਰਿਜ ਹਾਲ, ਜਾਪਾਨੀ ਲੋਕ ਏਅਰਪੋਰਟ ਉੱਤੇ ਖੜ੍ਹੇ ਜਹਾਜ਼ਾਂ ਵਿੱਚ ਵਿਆਹ ਕਰਾਉਣ ਲੱਗ ਪਏ



ਟੋਕੀਓ, 3 ਜੂਨ (ਪੋਸਟ ਬਿਊਰੋ)- ਜਾਪਾਨ ਦੀ ਸਭ ਤੋਂ ਵੱਡੀ ਏਅਰਲਾਈਨਜ਼ ਆਲ ਨਿਪੋਨ ਏਅਰਵੇਜ਼ ਨੇ ਜਹਾਜ਼ਾਂ ਨੂੰ ਮੈਰਿਜ ਹਾਲ ਬਣਾ ਦਿੱਤਾ ਹੈ। ਏਅਰਪੋਰਟ ਉੱਤੇ ਖੜ੍ਹੇ ਜਹਾਜ਼ਾਂ ਵਿੱਚ ਵਿਆਹ ਹੋ ਰਹੇ ਹਨ, ਪਰ ਸਿਰਫ ਤੀਹ ਮਹਿਮਾਨਾਂ ਦੀ ਮੌਜੂਦਗੀ ਵਿੱਚ। ਏਅਰਲਾਈਨਜ਼ ਜਹਾਜ਼ਾਂ ਵਿੱਚ ਲਾਈਵ ਮਿਊਜ਼ਿਕ ਦੇ ਨਾਲ ਖਾਣ-ਪੀਣ ਦੀਆਂ ਸਭ ਸਹੂਲਤਾਂ ਵੀ ਦਿਤੀਆਂ ਜਾਂਦੀਆਂ ਹਨ। ਇਸ ਮਕਸਦ ਦੇ ਲਈ ਵਿਆਹ ਕਰਾਉਣ ਵਾਲਿਆਂ ਨੂੰ ਕੁੱਲ ਮਿਲਾ ਕੇ 1.56 ਮਿਲੀਅਨ ਯੇਨ (ਕਰੀਬ 10 ਲੱਖ ਰੁਪਏ) ਸਮੁੱਚੇ ਖਰਚੇ ਵਜੋਂ ਦੇਣੇ ਹੁੰਦੇ ਹਨ।

ਅਸਲ ਵਿੱਚ ਆਲ ਨਿਪੋਨ ਏਅਰਵੇਜ਼ (ਏ ਆਈ ਏ) ਦੇ ਬੇੜੇ ਵਿਚਲੇ 239 ਛੋਟੇ-ਵੱਡੇ ਜਹਾਜ਼ਾਂ ਵਿੱਚੋਂ ਕੋਰੋਨਾ ਦੇ ਕਾਰਨ ਨੱਬੇ ਫੀਸਦੀ ਜਹਾਜ਼ ਏਅਰਪੋਰਟ ਉੱਤੇ ਖੜ੍ਹੇ ਹਨ। ਇਸ ਕਾਰਨ ਏਅਰਲਾਈਨ ਨੂੰ ਰੋਜ਼ ਕਰੋੜਾਂ ਦਾ ਨੁਕਸਾਨ ਹੋ ਰਿਹਾ ਹੈ। ਇਸ ਤੋਂ ਬਚਣ ਲਈ ਏਅਰਲਾਈਨ ਨੇ ਤਰਕੀਬ ਕੱਢੀ ਤੇ ਜਹਾਜ਼ਾਂ ਵਿੱਚ ਵਿਆਹ ਕਰਾਉਣ ਦਾ ਪ੍ਰੋਗਰਾਮ ਲਾਂਚ ਕਰ ਦਿੱਤਾ। ਏਅਰਲਾਈਨਜ਼ ਦੇ ਅਧਿਕਾਰੀ ਮਾਮੀ ਮੁਰਾਕਾਮੀ ਦੇ ਮੁਤਾਬਕ ਜਾਪਾਨ ਵਿੱਚ ਮਈ-ਜੂਨ ਵਿਆਹਾਂ ਦਾ ਸੀਜ਼ਨ ਹੁੰਦਾ ਹੈ। ਇਸ ਦੌਰਾਨ ਸਾਰੇ ਦੇਸ਼ ਵਿੱਚ ਲੱਖਾਂ ਵਿਆਹ ਹੁੰਦੇ ਹਨ, ਪਰ ਇਸ ਵਾਰ ਕੋਰੋਨਾ ਕਾਰਨ ਬਹੁਤੇ ਮੈਰਿਜ ਗਾਰਡਨ ਬੰਦ ਹਨ। ਜਿਹੜੇ ਖੁੱਲ੍ਹੇ ਹਨ, ਉਨ੍ਹਾਂ ਵਿੱਚ ਭਾਰੀ ਭੀੜ ਇਕੱਠੀ ਹੋ ਰਹੀ ਹੈ। ਕੰਪਨੀ ਨੇ ਇਹ ਪ੍ਰੋਗਰਾਮ ਖਾਸ ਕਰ ਕੇ ਉਨ੍ਹਾਂ ਜੋੜਿਆਂ ਦੇ ਲਈ ਲਾਂਚ ਕੀਤਾ ਹੈ, ਜੋ ਭੀੜ-ਭਾੜ ਤੋਂ ਬਚਣਾ ਚਾਹੁੰਦੇ ਅਤੇ ਕੋਰੋਨਾ ਕਾਰਨ ਆਪਣੀ ਜ਼ਿੰਦਗੀ 'ਚ ਰੋਮਾਂਚ ਭਰਨਾ ਚਾਹੁੰਦੇ ਹਨ। ਇਸ ਤੋਂ ਏਅਰਲਾਈਨਜ਼ ਨੂੰ ਉਮੀਦ ਹੈ ਕਿ ਕੋਰੋਨਾ ਕਾਲ ਵਿੱਚ ਬੰਦ ਜਹਾਜ਼ਾਂ ਤੋਂ ਹੋਏ ਨੁਕਸਾਨ ਦੀ ਪੂਰਤੀ ਹੋ ਸਕੇਗੀ।ਇੱਕ ਵਿਆਹ ਸਾਢੇ ਤਿੰਨ ਘੰਟੇ ਦਾ ਹੁੰਦਾ ਹੈ ਅਤੇ ਇਸ ਵਿੱਚ ਖਾਣਾ-ਪੀਣਾ, ਰਿਪੈਸ਼ਨ ਤੇ ਮਿਊਜ਼ਿਕ ਕਾਨਸਰਟ ਵਰਗੀਆਂ ਸਹੂਲਤਾਂ ਸ਼ਾਮਲ ਹਨ। ਇਨ੍ਹਾਂ ਸਾਢੇ ਤਿੰਨ ਘੰਟਿਆਂ ਵਿੱਚ ਨਵੇਂ ਜੋੜੇ ਤੇ ਮਹਿਮਾਨਾਂ ਨੂੰ ਇਹ ਕੰਪਨੀ ਅਸਮਾਨ ਦੀ ਸੈਰ ਵੀ ਕਰਵਾਉਂਦੀ ਹੈ। ਉਸ ਦੌਰਾਨ ਜਹਾਜ਼ ਵਿੱਚ ਇੱਕ ਪਾਇਲਟ, ਦੋ ਕਰੂਅ ਮੈਂਬਰ ਹੁੰਦੇ ਹਨ। ਕੰਪਨੀ ਪਿਛਲੇ ਸੱਤ ਦਿਨ ਵਿੱਚ ਵੀਹ ਤੋਂ ਜ਼ਿਆਦਾ ਵਿਆਹ ਕਰਵਾ ਚੁੱਕੀ ਹੈ।

## ਅਫਗਾਨਿਸਤਾਨ ਦੇ ਅਧਿਕਾਰੀ ਵੱਲੋਂ ਦੋਸ਼:

# ਤਾਲਿਬਾਨ ਨਾਲ ਅਫਗਾਨਿਸਤਾਨ ਵਿੱਚ ਪਾਕਿਸਤਾਨ ਪ੍ਰਾਕਸੀ ਵਾਰ ਲੜ ਰਿਹੈ



ਕਾਬੁਲ, 3 ਜੂਨ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਕੌਮੀ ਸੁਰੱਖਿਆ ਸਲਾਹਕਾਰ ਹਮਦੁੱਲਾਹ ਮੋਬਿਪ ਨੇ ਕਿਹਾ ਹੈ ਕਿ ਤਾਲਿਬਾਨ ਅਫਗਾਨਿਸਤਾਨ ਵਿੱਚ ਪਾਕਿਸਤਾਨ ਦੀ ਪ੍ਰਾਕਸੀ ਵਾਰ ਚਲਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਤਾਲਿਬਾਨੀ ਨੇਤਾ ਹਬਿਤੁੱਲਾਹ ਅਖੂੰਦਾਜਾ ਨੇ ਅਧਿਕਾਰੀਆਂ ਦੇ ਨਾਲ ਕੋਈ ਮੀਟਿੰਗ ਨਹੀਂ ਰੱਖੀ, 12 ਮਹੀਨਿਆਂ ਬਾਅਦ ਵੀ ਉਨ੍ਹਾਂ ਨੂੰ ਕੋਈ ਪਤਾ ਨਹੀਂ ਹੈ। ਇੰਨਾ ਹੀ ਨਹੀਂ, ਤਾਲਿਬਾਨ ਨੂੰ ਵੀ ਉਨ੍ਹਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਹਮਦੁੱਲਾਹ ਮੋਬਿਪ ਨੇ ਕਿਹਾ ਕਿ ਅਸੀਂ ਪਹਿਲਾਂ ਜਾਣਨਾ ਚਾਹੁੰਦੇ ਹਾਂ ਕਿ ਹਬਿਤੁੱਲਾਹ ਹੈ ਵੀ ਜਾਂ ਨਹੀਂ। ਤਾਲਿਬਾਨ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਕਿ ਉਹ ਕਿਥੇ ਹੈ? ਖੁਫੀਆ ਏਜੰਸੀ ਨੇ ਜਾਣਕਾਰੀ ਦਿੱਤੀ ਹੈ ਕਿ ਇੰਨੇ ਦਿਨਾਂ ਤੋਂ ਉਸ ਨੂੰ ਕਿਸੇ ਨੇ ਨਹੀਂ ਦੇਖਿਆ। ਅਫਗਾਨਿਸਤਾਨ ਦੇ ਐਨ ਐਸ ਏ ਦਾ ਇਹ ਬਿਆਨ ਉਨ੍ਹਾਂ ਖ਼ਬਰਾਂ ਦੌਰਾਨ ਆਇਆ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਪਾਕਿਸਤਾਨ ਨੇ ਆਪਣੇ ਖ਼ਿਲਾਫ਼ ਇੱਕ ਟਿੱਪਣੀ ਨੂੰ ਲੈ ਕੇ ਅਫਗਾਨਿਸਤਾਨ ਦੇ ਕੌਮੀ ਸੁਰੱਖਿਆ ਸਲਾਹਕਾਰ ਨਾਲੋਂ ਸਬੰਧ ਤੋੜ ਲਏ ਹਨ। ਰਿਪੋਰਟ ਮੁਤਾਬਕ ਹੁਮਦੁੱਲਾਹ ਨੇ ਪਿੱਛੇ ਜਿਹੇ ਨਾਂਗਰਹਰ ਦੀ ਇੱਕ ਰੈਲੀ ਵਿੱਚ ਪਾਕਿਸਤਾਨ ਨੂੰ ਵੇਸ਼ਵਾ-ਘਰ ਕਰਾਰ ਦਿੱਤਾ ਸੀ। ਉਨ੍ਹਾਂ ਦੇ ਇਸ ਬਿਆਨ ਉੱਤੇ ਇਸਲਾਮਾਬਾਦ ਵਿੱਚ ਰਾਜਸੀ ਨੇਤਾਵਾਂ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਅਤੇ ਸੰਬੰਧ ਤੋੜਨ ਦੀ ਗੱਲ ਕਹੀ ਸੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟਰਕਟਰ



647-998-7500
ਬਲਵਿੰਦਰ

## ਰੈਸਟੋਰੈਂਟ ਵਿੱਚ ਮਸ਼ਕੂਕ ਨੇ ਚਲਾਈਆਂ ਗੋਲੀਆਂ, 1 ਹਲਾਕ, 4 ਜ਼ਖ਼ਮੀ



ਮਿਸੀਸਾਗਾ, 3 ਜੂਨ (ਪੋਸਟ ਬਿਊਰੋ) : ਸ਼ਨਿੱਚਰਵਾਰ ਰਾਤ ਨੂੰ ਮਿਸੀਸਾਗਾ ਦੇ ਇੱਕ ਰੈਸਟੋਰੈਂਟ ਵਿੱਚ ਗੋਲੀਆਂ ਚਲਾ ਕੇ 25 ਸਾਲ ਵਿਅਕਤੀ ਦੀ ਜਾਨ ਲੈਣ ਤੇ ਉਸ ਦੇ ਪਿਤਾ, ਮਾਂ, ਭਰਾ ਤੇ ਇੱਕ ਕਰਮਚਾਰੀ ਨੂੰ ਜ਼ਖ਼ਮੀ ਕਰਨ ਵਾਲੇ ਮਸ਼ਕੂਕ ਦੀ ਪੁਲਿਸ ਭਾਲ ਕਰ ਰਹੀ ਹੈ। ਪੁਲਿਸ ਵੱਲੋਂ ਮਸ਼ਕੂਕ ਦੀ ਪਛਾਣ ਕਰਨ ਵਿੱਚ ਲੋਕਾਂ ਤੋਂ ਮਦਦ ਮੰਗੀ ਜਾ ਰਹੀ ਹੈ।

ਰਾਤੀਂ 7:19 ਉੱਤੇ ਦ ਕਾਲਜਵੇਅ ਤੇ ਗਲੈਨ ਐਰਿਨ ਡਰਾਈਵ ਇਲਾਕੇ ਵਿੱਚ ਵਾਪਰੀ ਇਸ ਘਟਨਾ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਪਲਾਜ਼ਾ ਵਿੱਚ ਸੱਦਿਆ ਗਿਆ।ਪੁਲਿਸ ਨੇ ਦੱਸਿਆ ਕਿ ਰੈਸਟੋਰੈਂਟ ਵਿੱਚ ਇੱਕ ਅਣਪਛਾਤਾ ਵਿਅਕਤੀ ਦਾਖਲ ਹੋਇਆ ਤੇ ਉਸ ਨੇ ਅਮਲੇ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪੁਲਿਸ ਨੇ ਦੱਸਿਆ ਕਿ ਇਹ ਗੋਲੀਆਂ 56 ਸਾਲਾ ਮਾਲਕ, ਉਸ ਦੀ 44 ਸਾਲਾ ਪਤਨੀ, 22 ਸਾਲਾ ਤੇ 25 ਸਾਲਾ ਦੋ ਲੜਕਿਆਂ ਤੇ 58 ਸਾਲਾ ਇੰਪਲੌਈ ਨੂੰ ਲੱਗੀਆਂ।

ਪੁਲਿਸ ਨੇ ਇਹ ਵੀ ਦੱਸਿਆ ਕਿ ਮਾਲਕ ਦੇ 25 ਸਾਲ ਲੜਕੇ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਬਾਕੀ ਜ਼ਖ਼ਮੀਆਂ ਨੂੰ ਟਰੌਮਾ ਸੈਂਟਰਜ਼ ਲਿਜਾਇਆ ਗਿਆ ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।ਇੱਕ ਸਰਵੇਲੈਂਸ ਵੀਡੀਓ ਵਿੱਚ ਮਸ਼ਕੂਕ ਰੈਸਟੋਰੈਂਟ ਦੇ ਬਾਹਰ ਖੜ੍ਹਾ ਨਜ਼ਰ ਆ ਰਿਹਾ ਹੈ। ਕੁੱਝ ਸੈਕਿੰਡ ਬਾਅਦ ਉਹ ਉੱਥੇ ਨਹੀਂ ਦਿੱਸਦਾ। ਪੁਲਿਸ ਨੇ ਦੱਸਿਆ ਕਿ ਇਸੇ ਪਲ ਮਸ਼ਕੂਕ ਰੈਸਟੋਰੈਂਟ ਦੇ ਅੰਦਰ ਚਲਾ ਗਿਆ ਹੋਵੇਗਾ ਤੇ ਉਸ ਨੇ ਲੋਕਾਂ ਉੱਤੇ ਗੋਲੀਆਂ ਚਲਾ ਦਿੱਤੀਆਂ ਹੋਣਗੀਆਂ।

ਮਸ਼ਕੂਕ ਨੇ ਹੁੱਡ ਵਾਲੀ ਸਵੈਟਸ਼ਰਟ ਪਾਈ ਹੋਈ ਸੀ ਤੇ ਉਸ ਨੇ ਮੂੰਹ ਉੱਤੇ ਸਰਜੀਕਲ ਮਾਸਕ ਲਾਇਆ ਹੋਇਆ ਸੀ।ਇਸ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮਸ਼ਕੂਕ ਰੈਸਟੋਰੈਂਟ ਤੋਂ ਦੂਰ ਭੱਜਦਾ ਵੀ ਵੇਖਿਆ ਗਿਆ।

## ਘਰਾਂ ਦੀਆਂ ਕੀਮਤਾਂ ਘਟਾਉਣ ਵਿਚ ਮਦਦ ਕਰੇਗੀ ਫੈਡਰਲ ਸਰਕਾਰ : ਟਰੂਡੋ



ਓਟਵਾ, 3 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮਿਊਂਸਪਲ ਆਗੂਆਂ ਨੂੰ ਇਹ ਵਾਅਦਾ ਕੀਤਾ ਗਿਆ ਹੈ ਕਿ ਹਾਊਸਿੰਗ ਦੀਆਂ ਉੱਚੀਆਂ ਕੀਮਤਾਂ ਨੂੰ ਘਟਾਉਣ ਲਈ ਫੈਡਰਲ ਸਰਕਾਰ ਪੂਰੀ ਤਰ੍ਹਾਂ ਮਦਦ ਕਰੇਗੀ। ਟਰੂਡੋ ਦਾ ਕਹਿਣਾ ਹੈ ਕਿ ਹਾਊਸਿੰਗ ਦੀਆਂ ਉੱਚੀਆਂ ਕੀਮਤਾਂ ਕਾਰਨ ਮੱਧ ਵਰਗੀ ਪਰਿਵਾਰਾਂ ਨੂੰ ਕਾਫੀ ਜੱਦੋ ਜਹਿਦ ਕਰਨੀ ਪੈਂਦੀ ਹੈ।

ਦੇਸ਼ ਭਰ ਵਿੱਚ ਹਾਊਸਿੰਗ ਦੀਆਂ ਕੀਮਤਾਂ ਕਾਫੀ ਜ਼ਿਆਦਾ ਵੱਧ ਗਈਆਂ ਹਨ। ਇਸ ਵਿੱਚ ਘੱਟ ਵਿਆਜ਼ ਦਰਾਂ ਤੇ ਮਹਾਂਮਾਰੀ ਕਾਰਨ ਘਰਾਂ ਤੋਂ ਕੰਮ ਕਰਨ ਦੀ ਮਜਬੂਰੀ ਕਾਰਨ ਡਿਮਾਂਡ ਵੀ ਵਧੀ ਹੈ ਤੇ ਸਪਲਾਈ ਵਿੱਚ ਕਮੀ ਆਈ ਹੈ। ਟਰੂਡੋ ਦਾ ਕਹਿਣਾ ਹੈ ਕਿ ਇਸ ਕਾਰਨ ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਆਪਣਾ ਘਰ ਹੋਣਾ ਬਹੁਤ ਸਾਰੇ ਲੋਕਾਂ ਦੀ ਪਹੁੰਚ ਤੋਂ ਦੂਰ ਦੀ ਗੱਲ ਬਣ ਚੁੱਕਿਆ ਹੈ। ਉਨ੍ਹਾਂ ਇਹ ਵੀ ਆਖਿਆ ਕਿ ਟੋਰਾਂਟੋ ਵਰਗੀ ਥਾਂ ਉੱਤੇ ਘਰ ਲੈਣ ਲਈ ਇੱਕ ਆਮ ਪਰਿਵਾਰ ਨੂੰ ਡਾਊਨਪੇਅਮੈਂਟ ਦਾ ਜੁਗਾੜ ਕਰਨ ਲਈ ਬਚਤ ਵਾਸਤੇ 280 ਮਹੀਨਿਆਂ ਦਾ ਸਮਾਂ ਲੱਗ ਸਕਦਾ ਹੈ।

ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ ਨਾਲ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਇਨ੍ਹਾਂ ਹਾਲਾਤ ਨੂੰ ਬਦਲਣ ਲਈ ਉਨ੍ਹਾਂ ਦੀ ਸਰਕਾਰ ਜ਼ਰੂਰ ਠੋਸ ਕਦਮ ਉਠਾਵੇਗੀ। ਪਰ ਉਨ੍ਹਾਂ ਇਹ ਵੀ ਆਖਿਆ ਕਿ ਫੈਡਰਲ ਸਰਕਾਰ ਇੱਕਲਿਆਂ ਹੀ ਇਨ੍ਹਾਂ ਹਾਊਸਿੰਗ ਦੀਆਂ ਕੀਮਤਾਂ ਨੂੰ ਨਹੀਂ ਘਟਾ ਸਕਦੀ, ਇਸ ਲਈ ਸਰਕਾਰ ਦੇ ਸਾਰੇ ਪੱਧਰਾਂ ਨੂੰ ਰਲ ਕੇ ਕੰਮ ਕਰਨਾ ਹੋਵੇਗਾ।

## ਮੰਤਰੀ ਮੰਡਲ ਵਿੱਚ ਫੇਰਬਦਲ ਕਰਨੀ ਚਾਹੁੰਦੇ ਹਨ ਫੋਰਡ




ਓਨਟਾਰੀਓ, 3 ਜੂਨ (ਪੋਸਟ ਬਿਊਰੋ) : ਓਨਟਾਰੀਓ ਵਿੱਚ ਹੁਣ ਜਦੋਂ ਸਟੇਅ ਐਟ ਹੋਮ ਆਰਡਰ ਬੁੱਧਵਾਰ ਨੂੰ ਖਤਮ ਹੋਣ ਜਾ ਰਹੇ ਹਨ ਤਾਂ ਅਜਿਹੇ ਵਿੱਚ ਪ੍ਰੀਮੀਅਰ ਵੱਲੋਂ ਆਪਣੇ ਮੰਤਰੀ ਮੰਡਲ ਵਿੱਚ ਫੇਰਬਦਲ ਕਰਨ ਦੀਆਂ ਕਨਸੋਆਂ ਹਨ।

ਭਾਵੇਂ ਮਹਾਂਮਾਰੀ ਦਾ ਦੌਰ ਅਜੇ ਮੁੱਕਿਆ ਨਹੀਂ ਹੈ ਪਰ ਫੋਰਡ ਜ਼ਾਹਰਾ ਤੌਰ ਉੱਤੇ ਅਗਲੀਆਂ ਪ੍ਰੋਵਿੰਸ਼ੀਅਲ ਚੋਣਾਂ ਲਈ ਆਪਣੀ ਟੀਮ ਤਿਆਰ ਕਰ ਰਹੇ ਹਨ। ਵੀਰਵਾਰ ਨੂੰ ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਣ ਨਾਲ ਵਿਧਾਨ ਸਭਾ ਦੀ ਕਾਰਵਾਈ ਵੀ ਬੰਦ ਹੋ ਜਾਵੇਗੀ ਤੇ ਇਸ ਦੌਰਾਨ ਹੀ ਫੋਰਡ ਆਪਣੇ ਮੰਤਰੀ ਮੰਡਲ ਵਿੱਚ ਫੇਰਬਦਲ ਕਰਨਗੇ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਗਰਮੀਆਂ ਵਿੱਚ ਕਾਫੀ ਤਬਦੀਲੀਆਂ ਹੋਣਗੀਆਂ।

ਇੱਕ ਸਾਲ ਵਿੱਚ ਓਨਟਾਰੀਓ ਵਿੱਚ ਚੋਣਾਂ ਹੋਣਗੀਆਂ ਤੇ ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਮਹਾਂਮਾਰੀ ਕਾਰਨ ਪੈਦਾ ਹੋਏ ਅਸਥਿਰਤਾ ਵਾਲੇ ਮਾਹੌਲ ਦਾ ਪ੍ਰੋਵਿੰਸ ਦੀਆਂ ਅਗਲੀਆਂ ਚੋਣਾਂ ਉੱਤੇ ਕਾਫੀ ਅਸਰ ਪਵੇਗਾ। ਅਗਲੀਆਂ ਚੋਣਾਂ ਤੋਂ ਪਹਿਲਾਂ ਫੋਰਡ ਆਪਣੀ ਕੈਬਨਿਟ ਟੀਮ ਵਿੱਚ ਹੋਰ ਵੰਨ-ਸੁਵੰਨਤਾ ਲਿਆਉਣੀ ਚਾਹੁੰਦੇ ਹਨ। ਇਸ ਫੇਰਬਦਲ ਦੌਰਾਨ ਉਹ ਕੁੱਝ ਕੰਜ਼ਰਵੇਟਿਵ ਐਮਪੀਪੀਜ਼ ਨੂੰ ਵੱਡੇ ਮੰਤਰਾਲੇ ਸੌਂਪਣਾ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਦੇ ਮੁੜ ਚੁਣੇ ਜਾਣ ਦੀਆਂ ਸੰਭਾਵਨਾਵਾਂ ਵੱਧ ਜਾਣ।ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕੁੱਝ ਕੈਬਨਿਟ ਮੰਤਰੀ ਸੁਰੱਖਿਅਤ ਪੀਸੀ ਹਲਕਿਆਂ ਤੋਂ ਆਪਣੇ ਮੌਜੂਦਾ ਮੰਤਰਾਲਿਆਂ ਤੋਂ ਬਾਹਰ ਆ ਕੇ ਵੀ ਜਿੱਤ ਸਕਦੇ ਹਨ।

ਇਹ ਵੀ ਮੰਨਿਆ ਜਾ ਰਿਹਾ ਹੈ ਕਿ ਫੋਰਡ ਸ਼ਾਇਦ ਉਨ੍ਹਾਂ ਮੰਤਰੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਜਿਹੜੇ ਮਹਾਂਮਾਰੀ ਦੌਰਾਨ ਲਾਕਡਾਊਨ ਦੇ ਪਏ ਨਕਾਰਾਤਮਕ ਅਸਰ ਖਿਲਾਫ ਬੋਲੇ। ਫੋਰਡ ਦੀ ਲੋਕਪ੍ਰਿਅਤਾ ਪਿਛਲੇ ਮਹੀਨਿਆਂ ਵਿੱਚ ਕੁੱਝ ਘਟੀ ਹੈ। ਫੋਰਡ ਉਦੋਂ ਹੀ ਚੋਣਾਂ ਵਿੱਚ ਜਿੱਤ ਸਕਦੇ ਹਨ ਜੇ ਉਹ ਪ੍ਰੋਵਿੰਸ ਨੂੰ ਮਹਾਂਮਾਰੀ ਤੋਂ ਬਾਹਰ ਕੱਢ ਸਕੇ।

## ਡੀ ਵੀ ਪੀ ਉੱਤੇ ਹੋਏ ਮੋਟਰਸਾਈਕਲ ਹਾਦਸੇ ਵਿੱਚ 1 ਹਲਾਕ, 2 ਜ਼ਖ਼ਮੀ



ਓਨਟਾਰੀਓ, 3 ਜੂਨ (ਪੋਸਟ ਬਿਊਰੋ) : ਡੌਨ ਵੈਲੀ ਪਾਰਕਵੇਅ (ਡੀ ਵੀ ਪੀ) ਵਿੱਚ ਦੋ ਮੋਟਰਸਾਈਕਲਾਂ ਦੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਇੱਕ ਮਹਿਲਾ ਦੀ ਮੌਤ ਹੋ ਗਈ ਤੇ ਦੋ ਹੋਰ ਹਸਪਤਾਲ ਵਿੱਚ ਦਾਖਲ ਹਨ।

ਪੁਲਿਸ ਦਾ ਕਹਿਣਾ ਹੈ ਕਿ ਸੋਮਵਾਰ ਨੂੰ ਰਾਤੀਂ 11:00 ਵਜੇ ਤੋਂ ਠੀਕ ਪਹਿਲਾਂ ਡੌਨ ਮਿੱਲਜ਼ ਰੋਡ ਨੇੜੇ ਡੀ ਵੀ ਪੀ ਉੱਤੇ ਹੋਏ ਇਸ ਹਾਦਸੇ ਦੇ ਬਾਰੇ ਉਨ੍ਹਾਂ ਨੂੰ ਕਈ ਕਾਲਜ਼ ਆਈਆਂ। ਚਸ਼ਮਦੀਦਾਂ ਨੇ ਪੰਜ ਮੋਟਰਸਾਈਕਲਜ਼ ਨੂੰ ਤੇਜ਼ ਰਫਤਾਰ ਨਾਲ ਜਾਂਦਿਆਂ ਵੇਖਣ ਤੇ ਟਰੈਫਿਕ ਵਿੱਚੋਂ ਤੇਜ਼ੀ ਨਾਲ ਅੰਦਰ ਬਾਹਰ ਹੋ ਕੇ ਨਿਕਲਣ ਦੀ ਰਿਪੋਰਟ ਕੀਤੀ। ਇੰਜ ਲੱਗਦਾ ਹੈ ਕਿ ਦੋਵੇਂ ਮੋਟਰਸਾਈਕਲਾਂ ਦੇ ਗਾਰਡਰੇਲ ਨਾਲ ਟਕਰਾਅ ਜਾਣ ਕਾਰਨ ਇਹ ਹਾਦਸਾ ਹੋਇਆ।

ਇੱਕ ਮਹਿਲਾ, ਜੋ ਕਿ ਆਪਣੇ 30ਵਿਆਂ ਜਾਂ 40ਵਿਆਂ ਦੇ ਸ਼ੁਰੂ ਵਿੱਚ ਸੀ, ਇੱਕ ਮੋਟਰਸਾਈਕਲ ਤੋਂ ਉਛਲੀ ਤੇ ਸੰਘਣੀਆਂ ਝਾੜੀਆਂ ਵਿੱਚ ਜਾ ਡਿੱਗੀ।ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਮਹਿਲਾ ਮੋਟਰਸਾਈਕਲ ਚਲਾ ਰਹੀ ਸੀ ਜਾਂ ਕਿਸੇ ਦੇ ਪਿੱਛੇ ਬੈਠੀ ਸੀ। ਇਸ ਹਾਦਸੇ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।ਇਸ ਰਸਤੇ ਉੱਤੇ ਆਵਾਜਾਈ ਬੰਦ ਕਰ ਦਿੱਤੀ ਗਈ ਹੈ।

## ਫਲੋਰਿਡਾ ਕਲੱਬ ਵਿੱਚ ਹਮਲਾਵਰ ਨੇ ਅੰਨ੍ਹੇਵਾਹ ਚਲਾਈਆਂ ਗੋਲੀਆਂ, 2 ਹਲਾਕ, 22 ਜ਼ਖ਼ਮੀ



ਹਾਇਲੀਆਹ,ਫਲੋਰਿਡਾ, 3 ਜੂਨ (ਪੋਸਟ ਬਿਊਰੋ) : ਫਲੋਰਿਡਾ ਕਲੱਬ ਵਿੱਚ ਲੋਕਾਂ ਉੱਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਦੋ ਵਿਅਕਤੀਆਂ ਦੀ ਜਾਨ ਲੈਣ ਤੇ 20 ਹੋਰਨਾਂ ਨੂੰ ਜ਼ਖ਼ਮੀ ਕਰਨ ਵਾਲੇ ਹਮਲਾਵਰ ਦੀ ਪੁਲਿਸ ਭਾਲ ਕਰ ਰਹੀ ਹੈ। ਇਹ ਜਾਣਕਾਰੀ ਮਾਇਆਮੀ ਡੇਡ ਪੁਲਿਸ ਡਾਇਰੈਕਟਰ ਅਲਫਰੈਡੋ ਰੈਮੀਰੇਜ਼ ਨੇ ਦਿੱਤੀ।

ਰੈਮੀਰੇਜ਼ ਨੇ ਦੱਸਿਆ ਕਿ ਰਾਤੀਂ 12:00 ਵਜੇ ਤੋਂ 1:00 ਵਜੇ ਦਰਮਿਆਨ ਇੱਕ ਚਿੱਟੇ ਰੰਗ ਦੀ ਨਿਸਨ ਪਾਥਫਾਈਂਡਰ ਹਾਇਲੀਆਹ ਸਥਿਤ ਬਿਲੀਅਰਡਜ਼ ਕਲੱਬ ਸਾਹਮਣੇ ਆ ਕੇ ਰੁਕੀ। ਗੱਡੀ ਵਿੱਚੋਂ ਤਿੰਨ ਵਿਅਕਤੀ ਬਾਹਰ ਨਿਕਲੇ ਤੇ ਉਨ੍ਹਾਂ ਕੋਲ ਅਸਾਲਟ ਰਾਈਫਲਜ਼ ਤੇ ਹੈਂਡਗੰਨਜ਼ ਸਨ। ਇਨ੍ਹਾਂ ਵਿਅਕਤੀਆਂ ਵਿੱਚੋਂ ਹੀ ਇੱਕ ਨੇ ਕਲੱਬ ਵਿੱਚ ਦਾਖਲ ਹੁੰਦਿਆਂ ਸਾਰ ਲੋਕਾਂ ਉੱਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਨਾਲ ਮੌਕੇ ਉੱਤੇ ਹੀ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ 20 ਤੋਂ 25 ਲੋਕ ਹੋਰ ਜ਼ਖ਼ਮੀ ਹੋ ਗਏ।

ਜ਼ਖ਼ਮੀਆਂ ਨੂੰ ਇਲਾਕੇ ਦੇ ਕਈ ਹਸਪਤਾਲਾਂ ਵਿੱਚ ਇਲਾਜ ਲਈ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਹਸਪਤਾਲ ਵਿੱਚ ਦਾਖਲ ਇੱਕ ਵਿਅਕਤੀ ਦੀ ਹਾਲਤ ਕਾਫੀ ਨਾਜ਼ੁਕ ਹੈ। ਰੈਮੀਰੇਜ਼ ਨੇ ਟਵੀਟ ਕਰਕੇ ਆਖਿਆ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਇਸ ਦੁੱਖ ਦੀ ਘੜੀ ਵਿੱਚ ਅਸੀਂ ਪਰਿਵਾਰਾਂ ਦੇ ਨਾਲ ਹਾਂ। ਮਾਇਆਮੀ ਡੇਡ ਪੁਲਿਸ ਡਿਪਾਰਟਮੈਂਟ ਦੇ ਰੈਮੀਰੇਜ਼ ਨੇ ਆਖਿਆ ਇਸ ਤਰ੍ਹਾਂ ਦੀ ਹਿੰਸਾ ਰੁਕਣੀ ਚਾਹੀਦੀ ਹੈ। ਹਰ ਵੀਕੈਂਡ ਇਹੋ ਜਿਹੀਆਂ ਹੀ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇਹ ਜਾਣਬੁੱਝ ਕੇ ਕੀਤੀ ਗਈ ਵਾਰਦਾਤ ਹੈ। ਸ਼ੁੱਕਰਵਾਰ ਨੂੰ ਮਾਇਆਮੀ ਏਰੀਆ ਵਿੱਚ ਵਾਪਰੀ ਇਸ ਤਰ੍ਹਾਂ ਦੀ ਘਟਨਾ ਵਿੱਚ ਇੱਕ ਵਿਅਕਤੀ ਮਾਰਿਆ ਗਿਆ ਸੀ ਜਦਕਿ ਛੇ ਹੋਰ ਜ਼ਖ਼ਮੀ ਹੋ ਗਏ ਸਨ।

## ਅੱਗ ਨਾਲ ਸੜ ਕੇ ਸੁਆਹ ਹੋਇਆ ਮਿਸੀਸਾਗਾ ਦਾ ਨਾਮੀ ਰੈਸਟੋਰੈਂਟ



ਮਿਸੀਸਾਗਾ, 3 ਜੂਨ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਲੱਗੀ ਅੱਗ ਕਾਰਨ ਮਿਸੀਸਾਗਾ ਵਿੱਚ ਇੱਕ ਨਾਮੀ ਰੈਸਟੋਰੈਂਟ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਿਆ।

ਫਾਇਰ ਅਮਲੇ ਨੂੰ ਸ਼ਾਮੀਂ 6:00 ਵਜੇ ਪੈਰਾਮਾਊਂਟ ਫਾਈਨ ਫੂਡਜ਼ ਤੇ ਐਰਿਨ ਮਿੱਲਜ਼ ਟਾਊਨ ਸੈਂਟਰ ਲੋਕੇਸ਼ਨ ਉੱਤੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚਣ ਉੱਤੇ ਉਨ੍ਹਾਂ ਨੂੰ ਰੈਸਟੋਰੈਂਟ ਦੀ ਛੱਤ ਤੋਂ ਸੰਘਣਾ ਕਾਲਾ ਧੂੰਆਂ ਨਿਕਲਦਾ ਨਜ਼ਰ ਆਇਆ। ਫਾਇਰਫਾਈਟਰਜ਼ ਵੱਲੋਂ ਤੁਰੰਤ ਹੀ ਅੱਗ ਉੱਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ।

ਸ਼ੁਰੂ ਵਿੱਚ ਇਸ ਨੂੰ ਟੂ-ਅਲਾਰਮ ਫਾਇਰ ਮੰਨਿਆ ਜਾ ਰਿਹਾ ਸੀ ਪਰ ਜਲਦ ਹੀ ਅੱਗ ਉੱਤੇ ਕਾਬੂ ਪਾਉਣ ਲਈ ਹੋਰ ਸਾਜ਼ੋ ਸਮਾਨ ਮੰਗਵਾਇਆ ਗਿਆ ਜਿਸ ਕਾਰਨ ਇਸ ਨੂੰ ਥ੍ਰੀ-ਅਲਾਰਮ ਫਾਇਰ ਕਰਾਰ ਦਿੱਤਾ ਗਿਆ। ਅੱਗ ਕਾਰਨ ਐਨਾ ਨੁਕਸਾਨ ਹੋਇਆ ਕਿ ਰੈਸਟੋਰੈਂਟ ਦੀ ਛੱਤ ਹੀ ਡਿੱਗ ਗਈ।ਪੁਲਿਸ ਤੇ ਫਾਇਰ ਅਧਿਕਾਰੀਆਂ ਨੇ ਦੱਸਿਆ ਕਿ ਇਸ ਘਟਨਾ ਵਿੱਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਤੇ ਅੱਗ ਲੱਗਣ ਸਮੇਂ ਇਸ ਰੈਸਟੋਰੈਂਟ ਵਿੱਚ ਜਿੰਨੇ ਵੀ ਲੋਕ ਸਨ ਸੱਭ ਨੂੰ ਬਾਹਰ ਕੱਢ ਲਿਆ ਗਿਆ ਸੀ।

ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਫਾਇਰ ਮਾਰਸ਼ਲ ਦੇ ਆਫਿਸ ਨੂੰ ਮਾਮਲੇ ਦੀ ਜਾਂਚ ਦਾ ਕੰਮ ਸੌਂਪ ਦਿੱਤਾ ਗਿਆ ਹੈ।


## ਬਹਿਸ ਤੋਂ ਬਾਅਦ ਲੜਕੇ ਉੱਤੇ ਚਾਕੂ ਨਾਲ ਕੀਤੇ ਗਏ ਵਾਰ, ਲੜਕੀ ਨੂੰ ਮਾਰੀ ਗੋਲੀ




ਮਾਂਟਰੀਅਲ, 3 ਜੂਨ (ਪੋਸਟ ਬਿਊਰੋ) : ਜੈਸੇਪੇਰੀ ਕੋਟਕਾਨੇਮੀ ਵੱਲੋਂ ਜੇਤੂ ਗੋਲ ਦਾਗੇ ਜਾਣ ਤੋਂ ਬਾਅਦ ਸ਼ਨਿੱਚਰਵਾਰ ਰਾਤ ਨੂੰ ਲੀਫਜ਼ ਉੱਤੇ ਜਿੱਤ ਦੇ ਜਸ਼ਨ ਮਨਾਉਣ ਲਈ ਹੈਬਜ਼ ਪ੍ਰਸ਼ੰਸਕ ਸੜਕਾਂ ਉੱਤੇ ਉਤਰ ਆਏ।ਪਰ ਇਨ੍ਹਾਂ ਖੁਸ਼ੀਆਂ ਨੇ ਉਸ ਸਮੇਂ ਹਿੰਸਕ ਰੂਪ ਧਾਰ ਲਿਆ ਜਦੋਂ ਦੋ ਧਿਰਾਂ ਵਿਚਾਲੇ ਹੋਈ ਬਹਿਸ ਤੋਂ ਬਾਅਦ 19 ਸਾਲਾ ਲੜਕੇ ਉੱਤੇ ਚਾਕੂ ਨਾਲ ਵਾਰ ਕਰ ਦਿੱਤੇ ਗਏ ਤੇ ਇੱਕ 18 ਸਾਲਾ ਲੜਕੀ ਦੇ ਪੈਰ ਉੱਤੇ ਗੋਲੀ ਮਾਰ ਦਿੱਤੀ ਗਈ। ਇਹ ਜਾਣਕਾਰੀ ਮਾਂਟਰੀਅਲ ਪੁਲਿਸ (ਐਸ ਪੀ ਵੀ ਐਮ) ਵੱਲੋਂ ਦਿੱਤੀ ਗਈ।

ਐਸ ਪੀ ਵੀ ਐਮ ਦੇ ਬੁਲਾਰੇ ਜੀਨ ਪਿਏਰੇ ਬ੍ਰਾਬੈਂਟ ਨੇ ਆਖਿਆ ਕਿ ਦੋਵਾਂ ਤੋਂ ਜਾਂਚਕਾਰਾਂ ਵੱਲੋਂ ਪੁੱਛਗਿੱਛ ਕੀਤੀ ਗਈ। ਬ੍ਰਾਬੈਂਟ ਨੇ ਆਖਿਆ ਕਿ ਦੋਵੇਂ ਜ਼ਖ਼ਮੀ ਹੁਣ ਖਤਰੇ ਤੋਂ ਬਾਹਰ ਹਨ ਤੇ ਹਸਪਤਾਲ ਵਿੱਚ ਜੇਰੇ ਇਲਾਜ ਹਨ।ਪੁਲਿਸ ਨੇ ਇਹ ਵੀ ਦੱਸਿਆ ਕਿ ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਇਸ ਦੌਰਾਨ ਜਾਂਚ ਜਾਰੀ ਹੈ ਤੇ ਸਰਵੇਲੈਂਸ ਕੈਮਰਿਆਂ ਦੀ ਫੁਟੇਜ ਦਾ ਮੁਲਾਂਕਣ ਕਰਨ ਦੇ ਨਾਲ ਨਾਲ ਜਾਂਚਕਾਰ ਚਸ਼ਮਦੀਦਾਂ ਨਾਲ ਵੀ ਗੱਲਬਾਤ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਸ਼ੁੱਕਰਵਾਰ ਰਾਤ ਨੂੰ ਕਰਫਿਊ ਹਟਾ ਲਿਆ ਗਿਆ ਸੀ ਤੇ ਰਾਤ ਦੇ 9:30 ਵਜੇ ਤੱਕ ਲੋਕਾਂ ਦੇ ਘਰਾਂ ਵਿੱਚ ਰਹਿਣ ਦੀ ਸ਼ਰਤ ਵੀ ਹਟਾ ਲਈ ਗਈ ਸੀ। ਪਰ ਇਸ ਤੋਂ ਬਾਅਦ ਇਸ ਵੀਕੈਂਡ ਪਾਰਕਾਂ, ਓਲਡ ਪੋਰਟ ਤੇ ਹੋਰਨਾਂ ਇਲਾਕਿਆਂ ਵਿੱਚ ਵਾਧੂ ਪੁਲਿਸ ਫੋਰਸ ਗਸ਼ਤ ਕਰ ਰਹੀ ਸੀ। ਐਤਵਾਰ ਸਵੇਰੇ ਐਸ ਪੀ ਵੀ ਐਮ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਹੋਰ ਨੁਕਸਾਨ ਹੋਣ ਦੀ ਕੋਈ ਖਬਰ ਨਹੀਂ ਹੈ।

## ਨੂੰਹ ਵੱਲੋਂ ਦੋਸ਼ਾਂ ਕਾਰਨ ਬਜ਼ੁਰਗ ਨੇ ਟਰੇਨ ਹੇਠ ਆ ਕੇ ਖੁਦਕੁਸ਼ੀ ਕੀਤੀ



ਜਲੰਧਰ, 3 ਜੂਨ (ਪੋਸਟ ਬਿਊਰੋ)- ਨੂੰਹ ਨਾਲ ਅਸ਼ਲੀਲ ਹਰਕਤਾਂ ਦੇ ਕੇਸ ਵਿੱਚ ਨਾਮਜ਼ਦ ਇਕ ਬਜ਼ੁਰਗ ਨੇ ਕੱਲ੍ਹ ਸਵੇਰੇ ਕਬੀਰ ਨਗਰ ਨੇੜੇ ਰੇਲ ਗੱਡੀ ਅੱਗੇ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਉਸ ਦੀ ਪਛਾਣ ਅਨਿਲ ਕੁਮਾਰ ਚਾਵਲਾ (60) ਪੁੱਤਰ ਸਵਰਗੀ ਰਾਮ ਪ੍ਰਕਾਸ਼ ਵਾਸੀ ਤੇਜਮੋਹਨ ਨਗਰ ਬਸਤੀ ਸ਼ੇਖ ਵਜੋਂ ਹੋਈ ਹੈ।


ਅੱਖੀਂ ਦੇਖਣ ਵਾਲਿਆਂ ਮੁਤਾਬਕ ਬਜ਼ੁਰਗ ਨੇ ਸਵੇਰੇ ਡੀ ਐਮ ਯੂ ਅੱਗੇ ਛਾਲ ਮਾਰ ਦਿੱਤੀ ਸੀ। ਮ੍ਰਿਤਕ ਕੋਲੋਂ ਮਿਲੇ ਡਰਾਈਵਿੰਗ ਲਾਇਸੈਂਸ ਤੋਂ ਉਸਦੀ ਸ਼ਨਾਖਤ ਹੋਈ। ਘਟਨਾ ਸਥਾਨ ਉੱਤੇ ਮ੍ਰਿਤਕ ਦੀ ਪਤਨੀ ਰੀਨਾ, ਬੇਟੀ ਪ੍ਰਿਯਾ ਦੇਵ ਅਤੇ ਬੇਟੇ ਸੰਨੀ ਚਾਵਲਾ ਸਮੇਤ ਹੋਰ ਰਿਸ਼ਤੇਦਾਰ ਪਹੁੰਚੇ।ਬੇਟੀ ਪ੍ਰਿਯਾ ਦੇਵ ਨੇ ਕਿਹਾ ਕਿ ਮੇਰੇ ਪਿਤਾ ਨੇ ਮੇਰੇ ਭਰਾ ਵਰੁਣ ਚਾਵਲਾ, ਭਾਬੀ ਤੇ ਉਸ ਦੇ ਪਰਵਾਰਕ ਮੈਂਬਰਾਂ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕੀਤੀ ਹੈ। ਪ੍ਰਿਯਾ ਨੇ ਕਿਹਾ ਕਿ ਉਸਦੀ ਭਾਬੀ ਨੇ ਧੋਖੇ ਨਾਲ ਸਾਲ 2019 ਵਿੱਚ ਉਸ ਦੇ ਪਿਤਾ ਦੀ ਛੇੜਖਾਨੀ ਕਰਨ ਦੀ ਵੀਡੀਓ ਬਣਾਈ ਸੀ। ਉਹ ਦੋ ਸਾਲ ਤਕ ਉਨ੍ਹਾਂ ਨੂੰ ਬਲੈਕਮੇਲ ਕਰ ਕੇ ਪੈਸੇ ਲੈਂਦੀ ਰਹੀ। ਪ੍ਰਿਯਾ ਨੇ ਦੋਸ਼ ਲਾਇਆ ਕਿ ਉਸਦੀ ਭਾਬੀ ਆਪਣੇ ਸਹੁਰੇ ਨੂੰ ਖ਼ੁਦ ਉਕਸਾਉਂਦੀ ਸੀ। ਆਖਰ ਉਸ ਨੇ 60 ਲੱਖ ਰੁਪਏ ਦੀ ਮੰਗ ਕੀਤੀ ਅਤੇ ਪੈਸੇ ਨਾ ਦੇਣ ਉੱਤੇ ਵੀਡੀਓ ਵਾਇਰਲ ਕਰ ਦਿੱਤੀ।4 ਮਈ 2021 ਨੂੰ ਉਸ ਨੇ ਥਾਣਾ ਨੰਬਰ ਪੰਜ ਵਿੱਚ ਉਸਦੇ ਪਿਤਾ ਅਨਿਲ ਕੁਮਾਰ ਚਾਵਲਾ ਖ਼ਿਲਾਫ ਕੇਸ ਦਰਜ ਕਰਵਾ ਦਿੱਤਾ, ਜਿਸ ਦੇ ਬਾਅਦ ਉਹ ਆਪਣੇ ਘਰੋਂ ਬਾਹਰ ਰਹਿ ਰਹੇ ਸਨ। 2 ਜੂਨ ਨੂੰ ਅਦਾਲਤ ਵਿੱਚ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਉੱਤੇ ਸੁਣਵਾਈ ਸੀ। ਪ੍ਰਿਯਾ ਨੇ ਦੋਸ਼ ਲਾਇਆ ਕਿ ਉਸਦੀ ਭਾਬੀ ਨੇ ਕਿਹਾ ਕਿ ਪਹਿਲਾਂ 30 ਲੱਖ ਰੁਪਏ ਮੈਨੂੰ ਦਿਓ, ਫਿਰ ਮੈਂ ਅਦਾਲਤ ਵਿੱਚ ਬਿਆਨ ਦਿਆਂਗੀ। ਇਸੇ ਤੋਂ ਪ੍ਰੇਸ਼ਾਨ ਹੋ ਕੇ ਮੇਰੇ ਪਿਤਾ ਨੇ ਖ਼ੁਦਕੁਸ਼ੀ ਕਰ ਲਈ।ਸ਼ਾਮ ਘਟਨਾ ਨੇ ਓਦੋਂ ਨਵਾਂ ਮੋੜ ਲੈ ਲਿਆ, ਜਦੋਂ ਮ੍ਰਿਤਕ ਦੇ ਪਰਵਾਰ ਨੇ ਐਸ ਐਚ ਓ ਨੂੰ ਖ਼ੁਦਕੁਸ਼ੀ ਨੋਟ ਦਿਤਾ। ਮ੍ਰਿਤਕ ਦੀ ਬੇਟੀ ਪ੍ਰਿਯਾ ਦੇਵ ਨੇ ਕਿਹਾ ਕਿ ਕੇਸ ਦਰਜ ਹੋਣ ਦੇ ਬਾਅਦ ਤੋਂ ਉਸ ਦੇ ਪਿਤਾ ਘਰੋਂ ਬਾਹਰ ਜਿਸ ਘਰ ਵਿੱਚ ਉਹ ਰਹਿ ਰਹੇ ਸਨ, ਉਥੋਂ ਗੱਦੇ ਹੇਠੋਂ ਉਨ੍ਹਾਂ ਨੂੰ ਖ਼ੁਦਕੁਸ਼ੀ ਨੋਟ ਮਿਲਿਆ ਹੈ, ਜਿਸ ਵਿੱਚ ਉਨ੍ਹਾਂ ਲਿਖਿਆ ਹੈ ਕਿ ਮੇਰੀ ਨੂੰਹ ਨੇ ਮੇਰੇ ਉੱਤੇ ਝੂਠਾ ਪਰਚਾ ਦਰਜ ਕਰਵਾਇਆ ਹੈ ਅਤੇ ਉਹ ਮੈਨੂੰ ਪੈਸਿਆਂ ਲਈ ਪ੍ਰੇਸ਼ਾਨ ਕਰ ਰਹੀ ਹੈ।


## ਸੁਪਰੀਮ ਕੋਰਟ ਨੇ ਸਰਕਾਰ ਤੋਂ ਵੈਕਸੀਨ ਦੀ ਖਰੀਦ ਤੇ ਟੀਕਾਕਰਨ ਦਾ ਪੂਰਾ ਵੇਰਵਾ ਮੰਗਿਆ

ਨਵੀਂ ਦਿੱਲੀ, 3 ਜੂਨ, (ਪੋਸਟ ਬਿਊਰੋ)-ਭਾਰਤ ਦੀ ਸੁਪਰੀਮ ਕੋਰਟ ਨੇ ਅੱਜ ਬੁੱਧਵਾਰ ਨੂੰ ਕੇਂਦਰ ਸਰਕਾਰ ਨੂੰ ਆਦੇਸ਼ ਜਾਰੀ ਕਰ ਕੇ ਕਿਹਾ ਕਿ ਅੱਜ ਤੱਕ ਕੋਵਿਡ -19 ਟੀਕੇ ਦੀ ਖਰੀਦ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਜਾਵੇ।ਕੋਰਟ ਨੇ ਕੇਂਦਰ ਸਰਕਾਰ ਤੋਂ ਕੋਵੈਕਸਿਨ, ਕੋਵਿਸ਼ਿਲਡ ਤੇ ਸਪੂਤਨਿਕ-ਵੀ ਦੇ ਟੀਕਿਆਂ ਬਾਰੇ ਪੁੱਛਿਆ ਹੈ ਕਿਟੀਕਾ ਖਰੀਦਣ ਦੀ ਮਿਤੀ, ਹਰ ਤਰੀਕ ਉੱਤੇ ਖਰੀਦੇ ਗਏ ਟੀਕਿਆਂ ਦੀ ਗਿਣਤੀ ਅਤੇ ਟੀਕੇ ਦੀ ਸਪਲਾਈ ਦੀ ਸੰਭਾਵਤ ਤਾਰੀਖਬਾਰੇ ਸਾਰਾ ਵੇਰਵਾ ਅਦਾਲਤ ਨੂੰ ਦਿੱਤਾ ਜਾਵੇ, ਜਿਸ ਨਾਲ ਸਰਕਾਰ ਨੂੰ ਮੁਸ਼ਕਲ ਆ ਸਕਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਇਹ ਪੁੱਛਿਆ ਹੈ ਕਿ ਉਹ ਫੇਜ਼ 1, 2 ਅਤੇ 3 ਵਿਚ ਰਹਿ ਗਈ ਆਬਾਦੀ ਦਾ ਕਿਸ ਤਰ੍ਹਾਂ ਅਤੇ ਕਦੋਂ ਟੀਕਾਕਰਨ ਹੋਣਾ ਹੈ, ਇਸਦੇ ਪੂਰੇ ਵੇਰਵੇ ਅਦਾਲਤ ਸਾਹਮਣੇ ਪੇਸ਼ ਕਰੇ ਤੇ ਬਲੈਕ ਫੰਗਸ ਜਾਂ ਮਿਊਕੋਰਮਾਈਕੋਸਿਸ ਦੀ ਦਵਾਈ ਦੀ ਸਪਲਾਈ ਲਈ ਉਠਾਏ ਕਦਮਾਂ ਬਾਰੇ ਵੀ ਜਾਣਕਾਰੀ ਦੇਵੇ। ਭਾਰਤ ਵਿੱਚ ਕੋਵਿਡ-19 ਨਾਲ ਜੁੜੇ ਮੁੱਦਿਆਂ ਨੂੰ ਹੱਲ ਕਰਨ ਲਈ ਦਾਇਰ ਕੀਤੇ ਕੇਸ ਵਿਚ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਐਲ ਨਾਗੇਸ਼ਵਰਾ ਰਾਓ ਅਤੇ ਜਸਟਿਸ ਐਸ ਰਵਿੰਦਰ ਭੱਟ ਦੀ ਡਵੀਜ਼ਨ ਬੈਂਚ ਨੇ ਫੈਸਲਾ ਦੇਂਦਿਆਂ ਕਿਹਾ ਕਿ ਐਫੀਡੇਵਿਟ ਪੇਸ਼ ਕਰਨ ਸਮੇਂ ਭਾਰਤ ਸਰਕਾਰ ਇਹ ਯਕੀਨੀ ਬਣਾਵੇ ਕਿ ਲੋੜੀਂਦੇ ਦਸਤਾਵੇਜ਼ਾਂ ਅਤੇ ਫਾਈਲ ਨੋਟਿੰਗਾਂ ਦੀਆਂ ਕਾਪੀਆਂ ਉਸਦੀ ਸੋਚ ਦੱਸਦੀਆਂ ਤੇ ਟੀਕਾਕਰਨ ਨੀਤੀ ਦੇ ਅੰਤਮ ਨਤੀਜੇ ਉਤੇ ਪਹੁੰਚ ਰਹੀਆਂ ਹਨ ਅਤੇ ਇਸ ਦੀ ਟੀਕਾਕਰਨ ਨੀਤੀ ਵਿੱਚ ਸਪੱਸ਼ਟ ਦਿਖਾਈ ਦਿੰਦੀਆਂ ਹਨ।

ਇਸ ਦੌਰਾਨ ਸੁਪਰੀਮ ਕੋਰਟ ਨੇ 18-44 ਉਮਰ ਗਰੁੱਪ ਦੇ ਟੀਕਾਕਰਨ ਬਾਰੇ ਕੇਂਦਰ ਦੀ ਨੀਤੀ ਨੂੰ 'ਮਨ ਮਰਜ਼ੀ ਵਾਲੀ ਅਤੇ ਤਰਕਹੀਣ' ਕਰਾਰ ਦੇ ਕੇ ਕਿਹਾ ਕਿ ਇਸ ਸਮੇਂ ਉਸ ਉਮਰ ਗਰੁੱਪ ਦੇ ਲੋਕ ਨਾ ਸਿਰਫ ਇਨਫੈਕਟਿਡ ਹੋ ਰਹੇ ਹਨ, ਸਗੋਂ ਹਸਪਤਾਲ ਵਿੱਚ ਦਾਖਲ ਹੋਣ ਅਤੇ ਮਰਨ ਤੱਕ ਦੇ ਗੰਭੀਰ ਨਤੀਜੇ ਤੋਂ ਪੀੜਤ ਹਨ।



ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909, 416-618-3358

ਵਰਕਰਾਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।
ਸੰਪਰਕ: 647-391-3365

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

ਵਰਕਰ ਦੀ ਲੋੜ
ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।
ਸੰਪਰਕ: 416-816-1695

ਕੈਨੇਡੀਅਨ ਪੰਜਾਬੀ ਪੋਸਟ

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

WWW.KULWINDERCHHINA.COM

KULWINDERCHHINA
BROKER
647.293.2327

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

ਹਰਜੀਤ ਧਨੋਆ
416.230.4000 • 647.409.1092
www.STARLANEPAINTING.com

ਪੀਜ਼ਾ ਡਿਲੀਵਰੀ ਡਰਾਇਵਰਾਂ ਦੀ ਲੋੜ
MAPLE ਵਿਚ ਇਕ ਬਿਜ਼ੀ ਪੀਜ਼ਾ ਸਟੋਰ ਲਈ ਡਿਲੀਵਰੀ ਡਰਾਇਵਰਾਂ ਦੀ ਤੁਰੰਤ ਲੋੜ ਹੈ। ਇਹ ਫੁਲ ਟਾਈਮ ਜੌਬ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਸਟੋਰ ਅੰਦਰ ਕੰਮ ਕਰਨ ਵਾਸਤੇ ਲੇਡੀ ਵਰਕਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ 11 ਵਜੇ ਤੋਂ ਲੈ ਕੇ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।
ਸੰਪਰਕ: 6477043799, 6477059736

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712


* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ


## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈੱਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ-Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772


UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
∘A/Z City Drivers Needed
∘Good Pay and good Mileage
∘Day, Afternoon & Weekend Shifts
∘Weekly Pay
$22 /Hour
∘7 Days Work ∘All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਫਿਲਮੀ ਦੁਨੀਆ

## ਜਾਹਨਵੀ ਦੀਆਂ ਤਿੰਨ ਫਿਲਮਾਂ ਦੇ ਸ਼ੁਰੂ ਹੋਣ ਉੱਤੇ ਸ਼ੰਕੇ, ਅੱਗੇ ਪੁਸ਼ ਹੋ ਸਕਦੇ ਹਨ ਪ੍ਰੋਜੈਕਟ



ਜਾਹਨਵੀ ਕਪੂਰ ਨੂੰ ਵੀ ਕਾਰਤਿਕ ਆਰੀਅਨ ਦੇ ਨਾਲ-ਨਾਲ 'ਦੋਸਤਾਨਾ 2' ਵਾਲੇ ਵਿਵਾਦ ਦੇ ਬਾਅਦ ਤੋਂ ਉਸ ਦੇ ਸਾਈਡ ਇਫੈਕਟ ਝੱਲਣੇ ਪੈ ਰਹੇ ਹਨ। 'ਹੇਲੇਨ', 'ਬੰਬੇ ਗਰਲ' ਨੂੰ ਮਿਲਾ ਕੇ ਉਸ ਦੀਆਂ ਤਿੰਨ ਫਿਲਮਾਂ ਪੁਸ਼ ਹੁੰਦੀਆਂ ਨਜ਼ਰ ਆ ਰਹੀਆਂ ਹਨ। 'ਬੰਬੇ ਗਰਲ' ਨੂੰ ਮਹਾਵੀਰ ਜੈਨ ਦੇ ਨਾਲ ਉਸ ਦੇ ਪਿਤਾ ਬੋਨੀ ਕਪੂਰ ਪ੍ਰੋਡਿਊਸ ਕਰ ਰਹੇ ਹਨ। 'ਹੇਲੇਨ' ਨੂੰ ਅਨੁਰਗ ਬਾਸੂ ਡਾਇਰੈਕਟ ਕਰਨਗੇ। ਸੂਤਰਾਂ ਮੁਤਾਬਕ 'ਦੋਸਤਾਨਾ 2' ਵਿੱਚ ਕਾਰਤਿਕ ਦਾ ਰਿਪਲੇਸਮੈਂਟ ਮਿਲਣ ਵਿੱਚ ਦੇਰ ਹੋ ਰਹੀ ਹੈ। ਫਿਲਮ ਵਿੱਚ ਅਕਸ਼ੈ ਕੁਮਾਰ ਹੋਣਗੇ ਜਾਂ ਆਨਲਾਈਨ ਆਡੀਸ਼ਨ ਦੇ ਚੁੱਕੇ ਕਲਾਕਾਰਾਂ ਵਿੱਚੋਂ ਕੋਈ ਇੱਕ ਕਲਾਕਾਰ ਹੋਵੇਗਾ, ਉਹ ਅਜੇ ਤੱਕ ਤੈਅ ਨਹੀਂ ਹੋਇਆ। ਲੀਡ ਹੀਰੋ ਮਿਲ ਗਿਆ, ਤਾਂ ਵੀ ਫਿਲਮ ਜਲਦੀ ਸ਼ੁਰੂ ਹੋ ਸਕੇਗੀ ਕਿ ਨਹੀਂ, ਉਸ ਉਤੇ ਸ਼ੰਕਾ ਹੈ। ਉਥੇ ਬੋਨੀ ਕਪੂਰ ਦੇ ਸਾਹਮਣੇ 'ਮੈਦਾਨ' ਨੂੰ ਜਲਦੀ ਪੂਰਾ ਕਰਨ ਦੀ ਚੁਣੌਤੀ ਹੈ।

## ਅੱਧਖੜ ਉਮਰ ਦੇ ਕਲਾਕਾਰਾਂ ਲਈ ਓ ਟੀ ਟੀ ਚੰਗਾ ਬਦਲ : ਸੰਜੇ ਕਪੂਰ



ਅਭਿਨੇਤਾ ਸੰਜੇ ਕਪੂਰ ਨੂੰ ਸਾਲ 1995 ਵਿੱਚ ਉਸ ਦੇ ਵੱਡੇ ਭਰਾ ਬੋਨੀ ਕਪੂਰ ਨੇ ਫਿਲਮ 'ਪ੍ਰੇਮ' ਰਾਹੀਂ ਬਾਲੀਵੁੱਡ ਵਿੱਚ ਦਾਖਲਾ ਦਿੱਤਾ ਸੀ ਤੇ ਫਿਰ ਉਸ ਨੇ ਉਸ ਜ਼ਮਾਨੇ ਦੀਆਂ ਪ੍ਰਸਿੱਧ ਅਭਿਨੇਤਰੀਆਂ ਮਾਧੁਰੀ ਦੀਕਸ਼ਿਤ, ਜੂਹੀ ਚਾਵਲਾ ਅਤੇ ਮਮਤਾ ਕੁਲਕਰਨੀ ਨਾਲ ਕੰਮ ਕੀਤਾ। ਲਗਾਤਾਰ ਫਿਲਮਾਂ ਮਿਲਣ ਦੇ ਬਾਵਜੂਦ ਬੋਨੀ ਤੇ ਅਨਿਲ ਕਪੂਰ ਦਾ ਛੋਟਾ ਭਰਾ ਇਸ ਲੈਅ ਨੂੰ ਬਰਕਰਾਰ ਨਹੀਂ ਰੱਖ ਸਕਿਆ ਅਤੇ ਉਸ ਨੂੰ ਆਪਣੇ ਕਰੀਅਰ ਦੀ ਮੁੜ ਸ਼ੁਰੂਆਤ ਕਰਨ ਲਈ ਓ ਟੀ ਟੀ ਪਲੇਟਫਾਰਮ ਦੇ ਉਭਾਰ ਹੋਣ ਤੱਕ ਦੀ ਉਡੀਕ ਕਰਨੀ ਪਈ।

ਸੰਜੇ ਕਪੂਰ ਦਾ ਕਹਿਣਾ ਹੈ, ''ਮੈਂ ਕਾਫੀ ਸਮੇਂ ਤੋਂ ਇਸ ਖੇਤਰ ਵਿੱਚ ਹਾਂ ਤੇ ਮੈਂ ਆਪਣੇ ਕਰੀਅਰ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘਿਆ ਹਾਂ। ਅਸੀਂ ਅਕਸਰ ਇੱਕ ਖਾਸ ਉਮਰ ਤੋਂ ਬਾਅਦ ਕੁਝ ਵਿਸ਼ੇਸ਼ ਕਿਰਦਾਰ ਨਿਭਾਉਣ ਬਾਰੇ ਗੱਲ ਕਰਦੇ ਹਾਂ, ਪਰ ਪਿਛਲੇ ਕੁਝ ਸਾਲਾਂ ਵਿੱਚ ਅਜਿਹੇ ਕਿਰਦਾਰ, ਖਾਸ ਕਰ ਕੇ ਅੱਧਖੜ ਉਮਰ ਦੇ ਕੁਝ ਇੱਕ ਖਾਸ ਅਭਿਨੇਤਾ ਹੀ ਮਿਲਦੇ ਹਨ। ਮੈਂ ਉਮਰ ਦੇ ਅਜਿਹੇ ਪੜਾਅ ਉਤੇ ਜਿੱਥੇ ਮੈਂ ਫਿਲਮ ਵਿੱਚ ਹੀਰੋ ਦੀ ਭੂਮਿਕਾ ਨਹੀਂ ਨਿਭਾ ਸਕਦਾ ਅਤੇ ਨਾ ਦਾਦੇ ਦਾ ਕਿਰਦਾਰ ਨਿਭਾਅ ਸਕਦਾ ਹਾਂ। ਆਮ ਤੌਰ ਉਤੇ ਪਿਤਾ ਦਾ ਕਿਰਦਾਰ ਨਿਭਾਉਣ ਦੇ ਮੌਕੇ ਬਹੁਤ ਘੱਟ ਮਿਲਦੇ ਹਨ, ਪਰ ਮੁੱਖ ਧਾਰਾ ਸਿਨੇ ਜਗਤ ਵਿੱਚ ਅੱਧਖੜ ਉਮਰ ਦੇ ਬੱਚਿਆਂ ਦੀਆਂ ਕਹਾਣੀਆਂ ਨੂੰ ਓਨੀ ਥਾਂ ਨਹੀਂ ਮਿਲਦੀ ਜਿੰਨੀ ਓ ਟੀ ਟੀ ਉੱਤੇ ਮਿਲ ਜਾਂਦੀ ਹੈ।''

## ਪੂਰਾ ਹੋਇਆ ਅਨੰਨਿਆ ਦਾ ਸੁਫਨਾ



ਅਨੰਨਿਆ ਪਾਂਡੇ ਬਾਲੀਵੁੱਡ ਵਿੱਚ ਦੋ ਸਾਲ ਦੀ ਹੋ ਗਈ ਹੈ। ਉਸ ਨੇ 2019 ਵਿੱਚ ਟਾਈਗਰ ਸ਼ਰਾਫ ਅਤੇ ਤਾਰਾ ਸੁਤਾਰੀਆ ਨਾਲ ਪਹਿਲੀ ਫਿਲਮ 'ਸਟੂਡੈਂਟ ਆਫ ਦ ਈਅਰ 2' ਨਾਲ ਬਾਲੀਵੁੱਡ ਵਿੱਚ ਡੈਬਿਊ ਕੀਤਾ ਸੀ। ਅਨੰਨਿਆ ਨੇ ਫਿਲਮ ਇੰਡਸਟਰੀ ਵਿੱਚ ਦੋ ਸਾਲ ਪੂਰੇ ਕਰ ਲਏ ਹਨ। ਇਨ੍ਹਾਂ ਦੌਰਾਨ ਕਾਫੀ ਪ੍ਰਸਿੱਧ ਹੋ ਚੁੱਕੀ ਅਨੰਨਿਆ ਨੇ ਇੰਸਟਾਗ੍ਰਾਮ ਉੱਤੇ ਆਪਣੇ ਫਿਲਮੀ ਸਫਰ ਨੂੰ ਦਿਖਾਉਂਦੇ ਹੋਏ ਕੁਝ ਖਾਸ ਪਲਾਂ ਨੂੰ ਫੈਨਜ਼ ਨਾਲ ਸ਼ੇਅਰ ਕੀਤਾ ਹੈ। ਅਨੰਨਿਆ ਨੇ ਇੰਸਟਾ ਸਟੋਰੀ ਉੱਤੇ ਆਪਣੇ ਫਿਲਮੀ ਸਫਰ ਵਿੱਚ ਸਾਥ ਦੇਣ ਵਾਲਿਆਂ ਦਾ ਧੰਨਵਾਦ ਕੀਤਾ ਹੈ। ਨਾਲ ਉਸ ਨੇ ਇੱਕ ਇੰਟਰਵਿਊ ਵਿੱਚ ਇਹ ਕਿਹਾ, 'ਪਿਛਲੇ ਦੋ ਸਾਲਾਂ ਦਾ ਸਫਰ ਸ਼ਾਨਦਾਰ ਰਿਹਾ ਹੈ। ਮੈਂ ਅਸਲ ਵਿੱਚ ਬਹੁਤ ਧੰਨ ਹਾਂ, ਜੋ ਆਪਣੇ ਸੁਫਨਾ ਮਾਣ ਰਹੀ ਹਾਂ। ਆਪਣੇ ਆਲੇ ਦੁਆਲੇ ਦੇ ਲੋਕਾਂ ਦਾ ਪਿਆਰ, ਉਤਸ਼ਾਹ, ਗਿਆਨ ਅਤੇ ਸਲਾਹ ਦੇ ਬਿਨਾਂ ਇੱਥੇ ਹੋਣਾ ਸੰਭਵ ਨਹੀਂ ਸੀ।'

## ਹਿਰਾਨੀ ਦੀ ਫਿਲਮ ਵਿੱਚ ਛੋਟਾ ਜਿਹਾ ਰੋਲ ਵੀ ਮਿਲਿਆ ਤਾਂ ਕਰਾਂਗਾ : ਪਾਵੇਲ ਗੁਲਾਟੀ



ਅਭਿਨੇਤਾ ਪਾਵੇਲ ਗੁਲਾਟੀ ਨੂੰ 2020 ਵਿੱਚ ਰਿਲੀਜ਼ ਹੋਈ ਤਾਪਸੀ ਪੰਨੂ ਸਟਾਰਰ 'ਥੱਪੜ' ਨਾਲ ਪਛਾਣ ਮਿਲੀ। ਉਸ ਦੀ ਅਗਲੀ ਫਿਲਮ ਅਨੁਰਾਗ ਕਸ਼ਯਪ ਦੇ ਨਿਰਦੇਸ਼ਨ ਵਾਲੀ 'ਦੋਬਾਰਾ' ਹੈ। ਪਾਵੇਲ ਨੇ ਦੱਸਿਆ ਕਿ 'ਥੱਪੜ' ਵਰਗੀ ਫਿਲਮ ਕਰਨ ਪਿੱਛੋਂ ਸਮਝਦਾਰੀ ਦਾ ਕੰਮ ਕਰਨਾ ਮੇਰੀ ਜ਼ਿੰਮੇਵਾਰੀ ਬਣ ਜਾਂਦੀ ਹੈ। ਮੈਂ ਦਰਸ਼ਕਾਂ ਨੂੰ ਬੇਵਕੂਫੀ ਭਰੀਆਂ ਚੀਜ਼ਾਂ ਪਰੋਸਣ ਵਿੱਚ ਯਕੀਨ ਨਹੀਂ ਰੱਖਦਾ। ਮੈਂ ਆਪਣੀ ਮਾਂ ਨੂੰ ਵੀ ਕਿਹਾ ਹੋਇਆ ਹੈ ਕਿ ਉਨ੍ਹਾਂ ਹੀ ਫਿਲਮਾਂ ਵਿੱਚ ਕੰਮ ਕਰਾਂਗਾ, ਜੋ ਨਿੱਜੀ ਤੌਰ ਉਤੇ ਮੈਂ ਖੁਦ ਦੇਖਣਾ ਪਸੰਦ ਕਰਾਂਗਾ। ਮੈਂ ਇੰਡਸਟਰੀ ਦੇ ਸਭ ਤੋਂ ਚੰਗੇ ਲੋਕਾਂ ਨਾਲ ਕੰਮ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਵਿੱਚ ਰਾਜ ਕੁਮਾਰ ਹਿਰਾਨੀ ਵਿਸ਼ ਲਿਸਟ ਵਿੱਚ ਸਭ ਤੋਂ ਉਪਰ ਹੈ। ਮੈਨੂੰ ਮੌਕਾ ਮਿਲੇ ਤਾਂ ਮੈਂ ਹਿਰਾਨੀ ਦੀ ਫਿਲਮ ਵਿੱਚ ਕੋਈ ਵੀ ਛੋਟਾ ਜਿਹਾ ਰੋਲ ਕਰਨ ਦੇ ਲਈ ਤਿਆਰ ਹਾਂ।''

## ਨੀਨਾ-ਮਸਾਬਾ ਨਾਲ ਡਿਜੀਟਲ ਡੈਬਿਊ ਕਰ ਸਕਦੀ ਹੈ ਆਲੀਆ



ਸੈਫ ਅਲੀ ਖਾਨ ਅਤੇ ਨਵਾਜ਼ੁਦੀਨ ਸਿੱਦੀਕੀ ਸਮੇਤ ਕਈ ਵੱਡੇ ਸਿਤਾਰਿਆਂ ਦੀ ਐਂਟਰੀ ਦੇ ਬਾਅਦ ਆਲੀਆ ਭੱਟ ਵੀ ਡਿਜੀਟਲ ਪਲੇਟਫਾਰਮ ਉੱਤੇ ਡੈਬਿਊ ਕਰਨ ਲੱਗੀ ਹੈ। ਉਸ ਨੂੰ 'ਮਸਾਬ-ਮਸਾਬਾ 2' ਦੇ ਲਈ ਅਪਰੋਚ ਕੀਤਾ ਗਿਆ ਹੈ। ਇਸ ਸੀਜ਼ਨ ਵਿੱਚ ਅਨਿਲ ਕਪੂਰ ਅਤੇ ਜੈਕੀ ਸ਼ਰਾਫ ਵੀ ਨਜ਼ਰ ਆਉਣਗੇ। ਸ਼ੋਅ ਵਿੱਚ ਉਸ ਦਾ ਸਪੈਸ਼ਲ ਅਪੀਅਰੈਂਸ ਰੱਖਿਆ ਜਾਏਗਾ। ਸ਼ੋਅ ਦੇ ਪਿਛਲੇ ਸੀਜ਼ਨ ਵਿੱਚ ਕਿਆਰਾ ਅਡਵਾਨੀ ਨੇ ਕੈਮਿਓ ਕੀਤਾ ਸੀ। ਆਲੀਆ ਦੀ ਟੀਮ ਨੇ ਦੱਸਿਆ, 'ਪ੍ਰੋਡਕਸ਼ਨ ਟੀਮ ਨੇ ਆਲੀਆ ਨੂੰ ਅਪਰੋਚ ਕੀਤਾ ਹੈ। ਆਲੀਆ ਇਸ ਮਹੀਨੇ ਵਿਸ਼ਾਲ ਭਾਰਦਵਾਜ ਦੀ ਫਿਲਮ ਦੀ ਸ਼ੂਟਿੰਗ ਸ਼ੁਰੂ ਕਰਨ ਵਾਲੀ ਸੀ। ਉਸ ਫਿਲਮ ਦੇ ਅਹਿਮ ਸੀਨ ਔਲੀ ਦੀ ਬਰਫਬਾਰੀ ਵਿੱਚ ਫਿਲਮਾਏ ਜਾਣੇ ਸਨ, ਪਰ ਔਲੀ ਵਿੱਚ ਬਰਫਬਾਰੀ ਨਾ ਹੋਣ ਦੇ ਕਾਰਨ ਇਹ ਸ਼ੂਟਿੰਗ ਟਲ ਗਈ। ਇਸ ਦੇ ਇਲਾਵਾ 'ਗੂੰਗਾਬਾਈ' ਦਾ ਕੰਮ ਵੀ ਰੁਕਿਆ ਹੋਇਆ ਹੈ। ਅਜਿਹੇ ਵਿੱਚ ਮੇਕਰਸ ਆਲੀਆ ਦੀ ਮੌਜੂਦਾ ਡੇਟਸ ਨੂੰ ਸ਼ੋਅ ਵਿੱਚ ਯੂਜ਼ ਕਰਨਾ ਚਾਹੁੰਦੇ ਹਨ। ਦੇਖਣਾ ਦਿਲਚਸਪ ਹੋਵੇਗਾ ਕਿ ਆਲੀਆ ਡਿਜੀਟਲ ਡੈਬਿਊ ਕਰਦੀ ਹੈ ਜਾਂ ਨਹੀਂ।

## 'ਰਾਧੇ ਸ਼ਾਮ' ਵਿੱਚ ਪੂਜਾ ਦੀ ਐਕਟਿੰਗ ਨੂੰ ਪ੍ਰਭਾਸ ਨੂੰ ਇੰਸਪ੍ਰੈਸ ਕੀਤਾ



ਪੂਜਾ ਹੇਗੜੇ ਜਲਦੀ ਹੀ ਫਿਲਮ 'ਰਾਧੇ ਸ਼ਾਮ' ਵਿੱਚ ਪ੍ਰਭਾਸ ਦੇ ਨਾਲ ਨਜ਼ਰ ਆਉਣ ਵਾਲੀ ਹੈ। ਇਹ ਫਿਲਮ ਇੱਕ ਰੋਮਾਂਟਿਕ ਡਰਾਮਾ ਹੈ, ਜਿਸ ਵਿੱਚ ਪੂਜਾ, ਪ੍ਰੇਰਨਾ ਨਾਂਅ ਦਾ ਕਿਰਦਾਰ ਨਿਭਾਉਂਦੀ ਦਿਖਾਈ ਦੇਵੇਗੀ। ਫਿਲਮ ਨਾਲ ਜੁੜੇ ਇੱਕ ਸੂਤਰ ਨੇ ਦੱਸਿਆ, ''ਪ੍ਰਭਾਸ ਨੇ ਟੀਮ ਦੇ ਕੁਝ ਹੋਰਨਾਂ ਮੈਂਬਰਾਂ ਦੇ ਨਾਲ ਪਿੱਛੇ ਜਿਹੇ 'ਰਾਧੇ ਸ਼ਾਮ' ਦੀ ਪਹਿਲੀ ਕਾਪੀ ਦੇਖੀ ਤੇ ਉਹ ਪੂਜਾ ਦੇ ਕੰਮ ਤੋਂ ਦੀ ਪ੍ਰਸ਼ੰਸਾ ਕਰਦੇ ਰਹੇ, ਇਹ ਦੱਸਦੇ ਹੋਏ ਕਿ ਉਸ ਦਾ ਪ੍ਰਦਰਸ਼ਨ ਕਿੰਨਾ ਸ਼ਾਨਦਾਰ ਸੀ ਤੇ ਉਸ ਦਾ ਹਰ ਸੀਨ ਨਿਖਰ ਕੇ ਸਾਹਮਣੇ ਆਇਆ ਹੈ। ਪ੍ਰਭਾਸ ਅਸਲ ਵਿੱਚ ਬੇਹੱਦ ਪ੍ਰਭਾਵਤ ਸਨ।''


ਦੱਸਣਾ ਬਣਦਾ ਹੈ ਕਿ ਇਨ੍ਹੀਂ ਦਿਨੀਂ ਪੂਜਾ ਆਪਣਾ ਬਹੁਤਾ ਸਮਾਂ ਸਕ੍ਰਿਪਟ ਪੜ੍ਹਨ, ਯੋਗ ਕਰਨਾ ਅਤੇ ਪਸੰਦੀਦਾ ਰਿਕ-ਾਰਡ ਸੁਣਨ ਵਿੱਚ ਬਿਤਾ ਰਹੀ ਹੈ।

## ਪਹਿਲੀ ਵਾਰ ਫੜੀ ਬੰਦੂਕ: ਸ਼ਹਾਨਾ ਗੋਸਵਾਮੀ



ਸ਼ਹਾਨਾ ਗੋਸਵਾਮੀ ਵੈੱਬ ਸੀਰੀਜ਼ 'ਦਿ ਲਸਟ ਆਵਰ' ਵਿੱਚ ਇੱਕ ਪੁਲਸ ਅਫਸਰ ਦੀ ਭੂਮਿਕਾ ਵਿੱਚ ਨਜ਼ਰ ਆ ਰਹੀ ਹੈ, ਜੋ ਇੱਕ ਹੋਰ ਮਰਦ ਅਫਸਰ ਨਾਲ ਹੱਤਿਆ ਦੇ ਭੇਦ ਉਜਾਗਰ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਸ ਰੋਲ ਲੈ ਕੇ ਉਤਸ਼ਾਹਤ ਸ਼ਹਾਨਾ ਕਹਿੰਦੀ ਹੈ, ''ਇਸ ਤੋਂ ਪਹਿਲਾਂ ਮੈਂ ਪੁਲਸ ਅਫਸਰ ਦਾ ਰੋਲ ਨਹੀਂ ਕੀਤਾ ਸੀ। ਉਂਝ ਵੀ ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਬੰਦੂਕ ਨੂੰ ਹੱਥ ਨਹੀਂ ਲਾਇਆ। ਇਸ ਰੋਲ ਦੇ ਲਈ ਮੈਨੂੰ ਬਹੁਤ ਕੁਝ ਪਹਿਲੀ ਵਾਰ ਕਰਨ ਦਾ ਮੌਕਾ ਮਿਲਿਆ ਹੈ, ਇਸ ਲਈ ਇਸ ਨੂੰ ਕਰਨ ਲਈ ਮੈਂ ਬਹੁਤ ਉਤਸ਼ਾਹਤ ਸੀ।''

ਸ਼ਾਹਾਨਾ ਦਾ ਮੰਨਣਾ ਹੈ ਕਿ ਵੈਬ ਸ਼ੋਅ ਨੇ ਲੇਖਨ ਦੀ ਬਿਹਤਰ ਗੁਣਵੱਤਾ ਦੀ ਸ਼ੁਰੂਆਤ ਕੀਤੀ ਹੈ, ਜੋ ਬਦਲੇ ਵਿੱਚ ਉਸ ਵਰਗੇ ਕਲਾਕਾਰਾਂ ਦੇ ਲਈ ਆਪਣੀ ਬਹੁਮੁਖੀ ਪ੍ਰਤਿਭਾ ਸਾਬਤ ਕਰਨ ਦੀ ਗੁੰਜਾਇਸ਼ ਪੈਦਾ ਕਰਦਾ ਹੈ। ਉਹ ਕਹਿੰਦੀ ਹੈ, ''ਮੈਨੂੰ ਲੱਗਦਾ ਹੈ ਕਿ ਜਦੋਂ ਕੁਝ ਚੰਗੀ ਤਰ੍ਹਾਂ ਨਾਲ ਲਿਖਿਆ ਜਾਂਦਾ ਹੈ ਤਾਂ ਉਸ ਵਿੱਚ ਹਰ ਇੱਕ ਚਰਿੱਤਰ ਦੇ ਚਿਤਰਣ ਵਿੱਚ ਇੱਕ ਕੁਦਰਤੀ ਸੰਤੁਲਨ ਹੁੰਦਾ ਹੈ। ਜਦੋਂ ਮੈਂ ਸੰਤੁਲਨ ਕਹਿੰਦੀ ਹਾਂ ਤਾਂ ਇਸ ਦਾ ਮਤਲਬ ਹੈ ਕਿ ਕਿਸੇ ਚਰਿੱਤਰ ਨੂੰ ਸਿਰਫ ਇਸ ਗੱਲ ਲਈ ਹੀ ਹਾਈਲਾਈਟ ਕਰਨ ਦੀ ਕੋਈ ਲੋੜ ਨਹੀਂ ਕਿ ਉਹ ਇੱਕ ਮਰਦ ਜਾਂ ਔਰਤ ਦਾ ਚਰਿੱਤਰ ਹੈ, ਉਸ ਵਿੱਚ ਹਰੇਕ ਦੇ ਲਈ ਲੋੜੀਂਦੀ ਥਾਂ ਹੁੰਦੀ ਹੈ।''






Century 21
President Realty Inc
Brokerage*
Independently Owned and Operated.

# Jagdish Grewal
Sales Repersentative

**Call Now: (416)-970-5005**

Email: Jagdish@grewalhomes.com

ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ



Brampton



Main & Vodden

2+1 ਬੈੱਡਰੂਮ ਬੰਗਲੋ 40x125 Sqft
ਗੋ ਟਰਾਂਸਿਟ ਅਤੇ ਸਕੂਲ ਵਾਕਿੰਗ
ਡਿਸਟੈਂਸ ਤੇ,ਅਤੇ ਹੋਰ ਵੀ ਬਹੁਤ
ਸਾਰੀਆਂ ਸਹੂਲਤਾਂ ਦੇ ਨੇੜੇ !
ਕੀਮਤ $599,900

Brampton



Bramalea And Avondale

3 + 1 ਬੈੱਡਰੂਮ ਘਰ ਦੇ ਵਿਚਕਾਰ ਬਿਲਟ
ਇਨ ਫੈਮਿਲੀ ਸਾਈਜ ਕਿਚਨ ਅਪਗ੍ਰੇਡ ਤੇ ਹਜਾਰਾਂ ਡਾਲਰ
ਖਰਚ ਕੀਤੇ ਹੋਏ ,ਸਕੂਲ , ਸ਼ੋਪਿੰਗ ਮਾਲ ਅਤੇ ਬੱਸ ਸਰਵਿਸ
ਦੇ ਨੇੜੇ !
ਕੀਮਤ $ 859,900

Shelburne



Hwy 10/ Col Phillip

4+1 ਬੈੱਡਰੂਮ,2800 sqft. ਡਬਲ ਡੋਰ ਐਂਟਰੀ ,ਵੱਖਰੇ
ਲਿਵਿੰਗ ਰੂਮ & ਫੈਮਿਲੀ ਰੂਮ ,ਮੀਡਿਆ ਰੂਮ,
ਅਪਗ੍ਰੇਡ ਲਾਈਟ ਫਿਕਸਚਰ !
ਕੀਮਤ $ 899,000

Missisauga



Mavis & Derry

3 +2 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ
ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ
ਕਿਚਨ, ਸਕੂਲ , ਸ਼ੋਪਿੰਗ ਮਾਲ ਅਤੇ ਬੱਸ ਸਰਵਿਸ
ਦੇ ਨੇੜੇ !
ਕੀਮਤ $ 980,000

Brampton



Wanless Dr/ Van Kirk Dr

4+ 2 ਬੈੱਡਰੂਮ detached ਘਰ, 3500 sqft.,ਵਾਕਆਊਟ
ਬੇਸਮੈਂਟ,ਸੈਪਰੇਟ ਲਿਵਿੰਗ ਰੂਮ ,ਫੋਰਮਲ ਡਾਈਨਿੰਗ ਰੂਮ,
ਫੈਮਿਲੀ ਰੂਮਅਤੇ ਫਾਇਰਪ੍ਰੇਸ, ਗਰੇਨਾਇਟ ਕਾਊਂਟਰ,ਨਵਾਂ ਰੰਗ
ਕੀਤਾ ਹੋਇਆ,
ਕੀਮਤ $ 1,299,900.

# Buying / Selling / Investing In Real Estate

Free Market Evaluation

For More Listings Contact Now !!

# (416) 970-5005

**www.vipcondonetwork.com**

80 Maritime Ontario Blvd #246 Brampton , ON, L6S 0E7 Call:905-488-2100 Fax: 905-488-2102



## Jas Toor
Sales Repersentative

Sutton Group-Realty Experts
Brokerage*
Independently Owned and Operated.

**Call Now: (647)-242-8667**

**Email- RealtorJasToor@gmail.com**

## Jagdish Grewal
Sales Repersentative

Century 21
President Realty Inc
Brokerage*
Independently Owned and Operated.

**Call Now: (416)-970-5005**

**Email- Jagdish@grewalhomes.com**



Caledon
Exclusive Gas Station
Located on very busy road
3 way auto garage + convenience store,1 ਏਕੜ ਦੀ commercial lot ਹੋਰ ਵਧੇਰੇ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ.

Caledon
2.5 ਏਕੜ ਵਿੱਚ ਬਣਿਆ 2 storey ਘਰ , 3500 sq ft. , $5500 ਕਿਰਾਏ ਤੇ ਚੜ੍ਹਿਆ ਹੋਇਆ, offered at very reasonable price.

Mayfield & Gore Road
ਦੇ ਨਜ਼ਦੀਕ 9 ਏਕੜ ਦੀ beautiful clean land with beautiful bunglow available for sale. Lots of future potential.

Caledon
Airport road ਤੇ 500 ft ਦੀ frontage ਵਾਲੇ 10 ਏਕੜ ਜ਼ਮੀਨ 3500 sq.ft. bunglow with walkout basement
Motivated Seller.

Caledon
ਵਿੱਚ 5 ਏਕੜ, Main Highway and Main Street ਤੇ corner lot, House and Shop included, Lots of potential
ਸ਼ੋਪ ਅਤੇ ਘਰ ਕਿਰਾਏ ਤੇ ਚੜ੍ਹਿਆ ਹੋਇਆ.

**Free Market Evaluation**

**-Buy**
**-Sell**
**-Invest**

**Call Now:(647) 242-8667**
**(416) 970-5005**

Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Call For a Quick & Free Home Evaluation



# JAG AUJLA

REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੇਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

## BRAMPTON



$749,905

William /Vodden /Main

3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

## BRAMPTON



$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON



$1,299,905

ਲਗਭਗ 2900 ਸਕੇਅਰ ਫੁੱਟ ਦਾ ਡਿਟੈਚਡ ਘਰ। 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡ-ਰੂਮਜ਼ ਦੀ ਸੈਪਰੇਟ ਐਂਟਰੈਂਸ ਵਾਲੀ ਫਿਨਿਸ਼ਡ ਬੇਸਮੈਂਟ, 1 ਓਕ ਸਟੇਅਰ ਕੇਸ, ਹਾਰਡਵੁੱਡ ਅਤੇ ਸੀਰੀਮਿਕ ਫਲੋਰ, ਪੌਟ ਲਾਈਟ, 1 ਮਾਸਟਰ ਬੈਡਰੂਮ ਵਿਚ 5 ਪੀ.ਸੀ. ਇਨਸੂਟ ਅਤੇ ਵਾਕਇਨ ਕਲਾਸਿਟ, ਅਪਗ੍ਰੇਡਡ ਕਿਚਨ, ਘਰ ਮੂਹਰੇ ਕੋਈ ਸਾਈਡ ਵਾਕ ਨਹੀਂ, ਸਕੂਲ, ਪਾਲਜ਼ਾ ਤੋਂ ਮਿੰਟਾਂ ਦੀ ਦੂਰੀ ਉਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

## BRAMPTON



CREDITVIEW & BOVAIRD

(MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
ਸੰਪਰਕ: 416-371-7777



Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

---

# Chapel Ridge

FUNERAL HOME & CREMATION CENTRE

## ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



## 2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: ਹਰਜਿੰਦਰ ਸਿੰਘ ਬਿਲਖੂ

647-966-0093

ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ

8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com

---




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017